


ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸੋਮਵਾਰ, 23 ਦਸੰਬਰ 2024
Email:- lokbani08@gmail.com




R. N. I. Punpun/29016/2008 ✶ ਸਾਲ 16 , ✶ ਅੰਕ : 134, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111




## ਗਾਜ਼ਾ ਵਿੱਚ ਇਸਰਾਇਲ ਦੇ ਹਮਲੇ ਦੌਰਾਨ 22 ਵਿਅਕਤੀਆਂ ਦੀ ਹੋਈ ਮੌਤ



**ਦੀਰ ਅਲ-ਬਲਾ ਲੋਕ ਬਾਣੀ** -ਗਾਜ਼ਾ ਪੱਟੀ ਵਿੱਚ ਅੱਜ ਇਜ਼ਰਾਇਲੀ ਹਮਲਿਆਂ ਵਿੱਚ ਪੰਜ ਬੱਚਿਆਂ ਸਣੇ ਘੱਟੋ ਘੱਟ 22 ਵਿਅਕਤੀਆਂ ਦੀ ਮੌਤ ਹੋ ਗਈ। ਫਲਸਤੀਨੀ ਮੈਡੀਕਲ ਅਫ਼ਸਰਾਂ ਨੇ ਇਹ ਜਾਣਕਾਰੀ ਦਿੱਤੀ। ਉੱਧਰ, ਇਜ਼ਰਾਇਲੀ ਅਧਿਕਾਰੀਆਂ ਨੇ ਕੈਥੋਲਿਕ ਚਰਚ ਦੇ ਪਾਦਰੀ ਕਾਰਡੀਨਲ ਪੀਅਰਬਟਿਸਟਾ ਪਿਜ਼ਾਬੱਲਾ ਨੂੰ ਗਾਜ਼ਾ ਵਿੱਚ ਦਾਖ਼ਲ ਹੋਣ ਅਤੇ ਖੇਤਰ ਦੇ ਈਸਾਈ ਭਾਈਚਾਰੇ ਦੇ ਮੈਂਬਰਾਂ ਨਾਲ ਕ੍ਰਿਸਮਸ ਤੋਂ ਪਹਿਲਾਂ ਹੋਣ ਵਾਲੀ ਪ੍ਰਾਰਥਨਾ ਸਭਾ ਕਰਨ ਦੀ ਇਜਾਜ਼ਤ ਦੇ ਦਿੱਤੀ। ਹਮਾਸ ਸਰਕਾਰ ਨਾਲ ਸਬੰਧਤ 'ਸਿਵਲ ਡਿਫੈਂਸ' ਮੁਤਕਾਬ, ਗਾਜ਼ਾ ਸ਼ਹਿਰ ਵਿੱਚ ਬੇਘਰਾਂਨੂੰ ਸਹਾਰਾ ਦੇਣ ਵਾਲੇ ਇਕ ਸਕੂਲ 'ਤੇ ਹੋਏ ਹਮਲੇ 'ਚ ਘੱਟੋ ਘੱਟ ਅੱਠ ਵਿਅਕਤੀਆਂ ਦੀ ਮੌਤ ਹੋ ਗਈ

## ਦੇਸ਼ ਦੀ ਰਾਜਧਾਨੀ ਵਿਚ ਹਵਾ ਦੀ ਗੁਣਵੱਤਾ ਹੋਈ ਗੰਭੀਰ



**ਦਿੱਲੀ, ਲੋਕ ਬਾਣੀ**- ਦਿੱਲੀ ਵਿੱਚ ਅੱਜ ਹਵਾ ਪ੍ਰਦੂਸ਼ਣ ਬਹੁਤ ਜ਼ਿਆਦਾ ਖਰਾਬ ਦਰਜ ਕੀਤਾ ਗਿਆ ਤੇ ਹਵਾ ਦੀ ਗੁਣਵੱਤਾ 'ਗੰਭੀਰ' ਸ਼੍ਰੇਣੀ ਵਿਚ ਦਰਜ ਕੀਤੀ ਗਈ। ਕੌਮੀ ਰਾਜਧਾਨੀ ਦਾ ਏਅਰ ਕੁਆਲਿਟੀ ਇੰਡੈਕਸ (AQI) ਅੱਜ 409 ਰਿਹਾ ਜਦਕਿ ਇਕ ਦਿਨ ਪਹਿਲਾਂ ਸ਼ਨਿਚਰਵਾਰ ਨੂੰ ਇਹ 370 ਸੀ। ਇੱਥੇ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਤਿੰਨ ਡਿਗਰੀ ਵੱਧ 24.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਭਾਰਤੀ ਮੌਸਮ ਵਿਭਾਗ (IMD) ਨੇ ਕਿਹਾ ਕਿ ਇੱਥੇ ਘੱਟੋ-ਘੱਟ ਤਾਪਮਾਨ 7.3 ਡਿਗਰੀ ਸੈਲਸੀਅਸ ਰਿਹਾ। ਰਾਜਧਾਨੀ ਵਿਚ ਅੱਜ ਸਵੇਰੇ ਧੁੰਦ ਛਾਈ ਰਹੀ ਜਿਸ ਨਾਲ ਨਮੀ ਦਾ ਪੱਧਰ 68 ਤੋਂ 97 ਫੀਸਦੀ ਦਰਮਿਆਨ ਰਿਹਾ।

## ਕ੍ਰਿਸਮਸ ਦੇ ਚੱਲ ਰਹੇ ਪ੍ਰੋਗਰਾਮ ਨਾਈਜੀਰੀਆ ਚ ਮੱਚੀ ਭਗਦੜ 32 ਦੀ ਹੋਈ ਮੌਤ




**ਅਬੂਜਾ, ਲੋਕ ਬਾਣੀ**-ਨਾਈਜੀਰੀਆ 'ਚ ਕ੍ਰਿਸਮਸ ਮੌਕੇ ਦੋ ਸਮਾਗਮਾਂ ਦੌਰਾਨ ਭਗਦੜ ਮਚ ਗਈ ਜਿਸ ਵਿਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 32 ਹੋ ਗਈ ਹੈ। ਪੁਲੀਸ ਨੇ ਦੱਸਿਆ ਕਿ ਖੁਰਾਕ ਸਮੱਗਰੀ ਲੈਣ ਲਈ ਅਚਾਨਕ ਭਾਰੀ ਭੀੜ ਇਕੱਠੀ ਹੋ ਗਈ ਅਤੇ ਇਸ ਦੌਰਾਨ ਕਈ ਲੋਕ ਇਕ ਦੂਜੇ ਉਤੇ ਡਿੱਗ ਗਏ ਜਿਸ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ। ਪੁਲੀਸ ਅਨੁਸਾਰ ਪਹਿਲੀ ਘਟਨਾ ਦੱਖਣੀ-ਪੂਰਬੀ ਅਲੰਬਰਾ ਸੂਬੇ ਦੇ ਓਕਿਜਾ ਸ਼ਹਿਰ ਅਤੇ ਦੂਜੀ ਘਟਨਾ ਰਾਜਧਾਨੀ ਅਬੂਜਾ ਦੇ ਗਿਰਜਾਘਰ 'ਚ ਵਾਪਰੀ। ਸਥਾਨਕ ਪੁਲੀਸ ਦੇ ਬੁਲਾਰੇ ਤੋਚੁਕਵੂ ਇਕੇਂਗਾ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਦੱਖਣ-ਪੂਰਬੀ ਅਨਾਮਬਰਾ ਰਾਜ ਦੇ ਓਕਿਜਾ ਕਸਬੇ ਵਿੱਚ 22 ਲੋਕ ਸ਼ਾਮਲ ਹਨ।

## ਮਸ਼ਹੂਰ ਅਦਾਕਾਰ ਅੱਲੂ ਦੇ ਘਰ ਹੈਦਰਾਬਾਦ ਚ ਹੋਇਆ ਪਥਰਾਅ



**ਹੈਦਰਾਬਾਦ ਸੁਖਚੈਨ ਮਹਿਰਾ**- ਅਦਾਕਾਰ ਅੱਲੂ ਅਰਜੁਨ ਦੇ ਘਰ ਦੇਤੇ ਭੀੜ ਨੇ ਪੱਥਰ ਸੁੱਟੇ ਹਨ। ਜੁਬਲੀ ਹਿਲਸ ਪੁਲਿਸ ਦੇ ਅਨੁਸਾਰ, ਓਸਮਾਨੀਆ ਯੂਨੀਵਰਸਿਟੀ ਜੁਆਇੰਟ ਐਕਸ਼ਨ ਕਮੇਟੀ (ਓਯੂ-ਜੇਏਸੀ) ਦੇ ਛੇ ਮੈਂਬਰਾਂ ਨੇ ਅਭਿਨੇਤਾ ਦੇ ਘਰ ਤੇ ਪਥਰਾਅ ਕੀਤਾ ਅਤੇ ਤਖ਼ਤੀਆਂ ਲੈ ਕੇ ਪ੍ਰਦਰਸ਼ਨ ਕੀਤਾ। ਜੁਬਲੀ ਹਿਲਸ ਪੁਲਿਸ ਨੇ ਕਿਹਾ ਕਿ ਸਾਨੂੰ ਅੱਲੂ ਅਰਜੁਨ ਦੇ ਪਰਿਵਾਰ ਵਲੋਂ ਕੋਈ ਸ਼ਿਕਾਇਤ ਨਹੀਂ ਮਿਲੀ ਹੈ।

## ਕਿਸਾਨ ਜਥੇਬੰਦੀ ਏਕਤਾ ਉਗਰਾਹਾਂ ਤੇ ਪੁਲਿਸ ਵਿਚਾਲੇ ਹੋਇਆ ਮਾਹੌਲ ਗਰਮ



**ਬਠਿੰਡਾ, ਲੋਕ ਬਾਣੀ**-ਉਪ ਮੰਡਲ ਤਲਵੰਡੀ ਸਾਬੋ ਦੇ ਲਾਗਲੇ ਪਿੰਡ ਲੇਲੇਵਾਲਾ ਵਿਚ ਗੈਸ ਪਾਈਪ ਲੈਣ ਨੂੰ ਲੈ ਕੇ ਬਠਿੰਡਾ ਜ਼ਿਲ੍ਹੇ ਦਾ ਪੁਲਿਸ ਪ੍ਰਸ਼ਾਸਨ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਵਿਚਾਲੇ ਮੁੜ ਤਣਾਅਪੂਰਨ ਮਾਹੌਲ ਬਣ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਪਾਈਪ ਲਾਈਨ ਵਾਲੀ ਥਾਂ ਉਤੇ ਜਾਣ ਨੂੰ ਬਜਿੱਦ ਹਨ ਜਦੋਂਕਿ ਦੂਸਰੇ ਪਾਸੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਰੋਕ ਕੇ ਰੱਖਿਆ ਹੋਇਆ ਹੈ।

## ਇਮਾਰਤ ਡਿੱਗਣ ਮਾਮਲੇ ਵਿੱਚ ਦੋ ਦੋਸ਼ੀਆਂ ਦੀ ਹੋਈ ਪਛਾਣ



**ਮੋਹਾਲੀ, ਪੰਕਜ ਰਾਜਪੂਤ**--ਮੋਹਾਲੀ ਇਮਾਰਤ ਡਿੱਗਣ ਦੀ ਘਟਨਾ ਉਤੇ ਐਸ.ਐਸ.ਪੀ. ਦੀਪਕ ਪਾਰੀਕ ਨੇ ਕਿਹਾ ਕਿ ਦੋ ਦੋਸ਼ੀ ਹਨ, ਸਾਡੀ ਟੀਮ ਉਨ੍ਹਾਂ ਨੂੰ ਫੜਨ ਲਈ ਕੰਮ ਕਰ ਰਹੀ ਹੈ। ਅਸੀਂ ਜਲਦੀ ਹੀ ਉਨ੍ਹਾਂ ਨੂੰ ਫੜ ਲਵਾਂਗੇ। ਕੰਮ ਸ਼ੁਰੂ ਕਰਨ ਵਾਲੇ ਠੇਕੇਦਾਰ ਦੀ ਪਛਾਣ ਕਰ ਲਈ ਗਈ ਹੈ। ਅਸੀਂ ਉਸ ਵਿਰੁੱਧ ਵੀ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਾਂਗੇ। ਇਸ ਮਾਮਲੇ ਚ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਭਵਿੱਖ ਚ ਅਜਿਹੀਆਂ ਘਟਨਾਵਾਂ ਨਾ ਦੁਹਰਾਈਆਂ ਜਾਣ।

## ਪੰਜਾਬ ਵਿੱਚ ਨਵੀਂ ਸੜਕ ਬਣੇਗੀ ਚੰਡੀਗੜ੍ਹ ਤੋਂ ਬਠਿੰਡਾ ਤੱਕ



**ਚੰਡੀਗੜ੍ਹ, ਵਿਨੋਦ ਸ਼ਰਮਾ** -- ਪੰਜਾਬ ਵਿੱਚ ਨੈਸ਼ਨਲ ਹਾਈਵੇਜ਼ ਆਫ਼ ਇੰਡੀਆ ਪੰਜਾਬ ਲਈ ਇਕ ਨਵਾਂ ਪ੍ਰੋਜੈਕਟ ਲੈ ਕੇ ਆ ਰਿਹਾ ਹੈ, ਜਿਸ ਨਾਲ ਬਠਿੰਡਾ ਤੋਂ ਚੰਡੀਗੜ੍ਹ ਆਉਣ-ਜਾਣ ਵਾਲੇ ਲੋਕਾਂ ਨੂੰ ਕਾਫ਼ੀ ਆਸਾਨੀ ਹੋਵੇਗੀ। ਜਾਣਕਾਰੀ ਮੁਤਾਬਰ ©819 ਨੇ ਪੰਜਾਬ ਲਈ ਨਵਾਂ ਪ੍ਰੋਜੈਕਟ ਤਿਆਰ ਕੀਤਾ ਹੈ। ਇਹ ਪ੍ਰਾਜੈਕਟ ਕਾਫੀ ਸਮੇਂ ਰੁਕਿਆ ਹੋਇਆ ਸੀ, ਜੋ ਹੁਣ ਇਹ ਅੱਗੇ ਵਧ ਰਿਹਾ ਹੈ। ਇਸ ਨਾਲ ਬਠਿੰਡਾ ਤੋਂ ਚੰਡੀਗੜ੍ਹ ਦੀ ਦੂਰੀ 50 ਕਿਲੋਮੀਟਰ ਘੱਟ ਜਾਵੇਗੀ। ਇਸ ਸੜਕ ਦੇ ਬਣਨ ਨਾਲ ਬਠਿੰਡਾ, ਮੁਕਤਸਰ, ਅਬੋਹਰ ਤੋਂ ਇਲਾਵਾ ਰਾਜਸਥਾਨ ਦੇ ਲੋਕ ਜੋ ਬਠਿੰਡਾ ਰਾਹੀਂ ਚੰਡੀਗੜ੍ਹ ਜਾਂਦੇ ਹਨ, ਦੇ ਸਮੇਂ ਅਤੇ ਪੈਸੇ ਦੀ ਵੀ ਬੱਚਤ ਹੋਵੇਗੀ।

## ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਨੋਜਵਾਨ ਦਾ ਹੋਇਆ ਕਤਲ



**ਲੁਧਿਆਣਾ, ਸੁਖਚੈਨ ਮਹਿਰਾ** -- ਪੰਜਾਬ ਵਿੱਚ ਆਪ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੂਰਾ ਹਾਲ ਹੈ ਰੋਜ਼ ਗੋਲੀਆਂ ਗੈਗਵਾਰ ਫਿਰੌਤੀ ਨਸ਼ਾ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤਾਜ਼ਾ ਮਾਮਲਾ ਲੁਧਿਆਣਾ ਦਾ ਸਾਹਮਣੇ ਆ ਰਿਹਾ ਹੈ ਇਥੋਂ ਦੇ ਢੰਡਾਰੀ ਖੁਰਦ ਇਲਾਕੇ 'ਚ ਇਕ ਨੌਜਵਾਨ ਦਾ ਬੇਦਰਦੀ ਨਾਲ ਕਤਲ ਕਰਕੇ ਲਾਸ਼ ਖਾਲੀ ਪਲਾਟ 'ਚ ਸੁੱਟ ਦਿੱਤੀ। ਕਾਤਲਾਂ ਨੇ ਤੇਜ਼ਧਾਰ ਹਥਿਆਰ ਨਾਲ ਨੌਜਵਾਨ ਦਾ ਗਲਾ ਵੱਢ ਕੇ ਵੱਖ ਕਰ ਦਿੱਤਾ। ਸਵੇਰੇ ਗੁਆਂਢੀ ਨੇ ਲਾਸ਼ ਵੇਖ ਕੇ ਰੌਲਾ ਪਾਇਆ, ਜਿਸ ਤੋਂ ਬਾਅਦ ਇਲਾਕੇ ਦੇ ਲੋਕ ਇਕੱਠੇ ਹੋ ਗਏ ਅਤੇ ਸੂਚਨਾ ਮਿਲਣ ਤੋਂ ਬਾਅਦ ਥਾਣਾ ਫੋਕਲ ਪੁਆਇੰਟ, ਚੌਂਕੀ ਢੰਡਾਰੀ ਕਲਾਂ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਨੌਜਵਾਨ ਦੀ ਪਛਾਣ ਕਰਨ ਦਾ ਯਤਨ ਕੀਤਾ ਪਰ ਉਸ ਦੀ ਪਛਾਣ ਨਹੀਂ ਹੋ ਸਕੀ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 9915594111

# ਮੈਂ ਅਸਤੀਫ਼ਾ ਨਹੀਂ ਦਿਆਂਗਾ ਮਲਵਈਆਂ ਦੇ ਮੂੰਹੋਂ ਗਾਲ੍ਹ ਨਿਕਲਣਾ ਸੁਭਾਵਿਕ ! ਵਲਟੋਹਾ ਵੱਲੋਂ ਜਾਰੀ ਵੀਡੀਓ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਜਵਾਬ

**ਚੰਡੀਗੜ੍ਹ (ਲੋਕ ਬਾਣੀ)**–ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੋਸ਼ਲ ਮੀਡੀਆ ਉਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਮਾਮਲਾ ਕਾਫੀ ਭਖਦਾ ਜਾ ਰਿਹਾ ਹੈ।

ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫੇ ਦੀ ਚਰਚਾ ਛਿੜਨ ਮਗਰੋਂ ਉਹ ਮੀਡੀਆ ਸਾਹਮਣੇ ਆਏ। ਉਨ੍ਹਾਂ ਨੇ ਕਿਹਾ ਕਿ ਕੁਝ ਏਜੰਟ ਉਨ੍ਹਾਂ ਦੀ ਲਗਾਤਾਰ ਕਿਰਦਾਰਕੁਸ਼ੀ ਕਰ ਰਹੇ ਹਨ।ਵਿਰਸਾ ਸਿੰਘ ਵਲਟੋਹਾ ਦੇ ਨਾਲ 15 ਅਕਤੂਬਰ ਨੂੰ ਸਕੱਤਰੇਤ ਵਿਖੇ ਹੋਈ ਗੱਲਬਾਤ ਦੌਰਾਨ ਤਲਖੀ ਦੀ ਵੀਡੀਓ ਸਬੰਧੀ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਲਾ–ਸਾਲੀ ਕਹਿਣਾ ਮਲਵੱਈਆਂ ਦੀ ਭਾਸ਼ਾ 'ਚ ਸ਼ਾਮਲ ਹੈ ਤੇ ਗੱਲਬਾਤ ਕਰਦਿਆਂ ਅਜਿਹਾ ਮੂੰਹੋਂ ਨਿਕਲ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸਿਰਫ਼ 27 ਸੈਕਿੰਡ ਦੀ ਵੀਡੀਓ ਜਾਰੀ ਕੀਤੀ ਗਈ ਹੈ ਇਹ ਵੀਡੀਓ ਸਿਰਫ਼ ਤਾਂ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਕੋਲ ਸੀ।





ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਵੀਡੀਓ ਬਾਹਰ ਕਿਸ ਤਰ੍ਹਾਂ ਆਈ ਹੈ।

ਉਨ੍ਹਾਂ ਕਿਹਾ ਕਿ ਇਹ ਪੂਰੀ ਵੀਡੀਓ ਡੇਢ ਘੰਟੇ ਦੀ ਹੈ ਜਿਸ ਨੂੰ ਜਨਤਕ ਕਰਨਾ ਚਾਹੀਦਾ ਹੈ। ਸੰਗਤਾਂ ਜਦ ਇਸ ਵੀਡੀਓ ਨੂੰ ਸੁਣਨਗੀਆਂ ਤਾਂ ਇਹੋ ਹੀ ਕਹਿਣਗੀਆਂ ਕਿ ਵਿਰਸਾ ਸਿੰਘ ਵਲਟੋਹਾ ਖਿਲਾਫ਼ ਹੋਰ ਸਖਤ ਫੈਸਲਾ ਕਿਉਂ ਨਹੀਂ ਲਿਆ ਗਿਆ।

ਮੁਕਤਸਰ ਸਾਹਿਬ ਤੋਂ ਇੱਕ 18 ਸਾਲ ਪੁਰਾਣੇ ਉਨ੍ਹਾਂ ਦੇ ਘਰੇਲੂ ਝਗੜੇ ਨੂੰ ਉਛਾਲਿਆ ਜਾ ਰਿਹਾ ਹੈ। ਇਸ ਸਬੰਧੀ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਵਾਬ ਦੇ ਚੁੱਕੇ ਹਨ।

# ਨਗਰ ਕੌਂਸਲ ਖੰਨਾ ਦੇ ਵਾਰਡ ਨੰਬਰ-2 ਦੇ ਪੋਲਿੰਗ ਸਟੇਸ਼ਨ ਨੰਬਰ-4 ਤੇ 23 ਦਸੰਬਰ ਨੂੰ ਦੁਬਾਰਾ ਵੋਟਿੰਗ ਹੋਵੇਗੀ




**ਚੰਡੀਗੜ੍ਹ-(ਲੋਕ ਬਾਣੀ)** ਰਾਜ ਚੋਣ ਕਮਿਸ਼ਨ, ਪੰਜਾਬ ਨੇ ਸੋਮਵਾਰ (23 ਦਸੰਬਰ) ਨੂੰ ਨਗਰ ਕੌਂਸਲ ਖੰਨਾ ਦੇ ਵਾਰਡ ਨੰਬਰ-2 ਵਿੱਚ ਇੱਕ ਪੋਲਿੰਗ ਸਟੇਸ਼ਨ ਨੰਬਰ-4 ਤੇ ਦੁਬਾਰਾ ਵੋਟਿੰਗ ਦੇ ਹੁਕਮ ਦਿੱਤੇ ਹਨ।

ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਵੋਟਿੰਗ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਅਤੇ ਜਿਸ ਤੋਂ ਬਾਅਦ ਉੱਥੇ ਹੀ ਵੋਟਾਂ ਦੀ ਗਿਣਤੀ ਹੋਵੇਗੀ। ਵੋਟਿੰਗ ਲਈ ਰਾਖਵੀਂ ਈ.ਵੀ.ਐਮ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਇਲਾਕੇ ਦੇ ਵੋਟਰਾਂ ਨੂੰ ਕੱਲ੍ਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।

# AADHAAR ਤੋਂ ਬਾਅਦ ਹੁਣ APAAR ID ਵੀ ਬਨਵਾਉਣੀ ਲਾਜ਼ਮੀ, ਜਾਣੋ ਸਾਰੀ ਜਾਣਕਾਰੀ

**(ਲੋਕ ਬਾਣੀ)** ਇਨ੍ਹੀਂ ਦਿਨੀਂ ਵੱਖ–ਵੱਖ ਰਾਜਾਂ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ APAAR ID ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਸਰਕਾਰੀ ਹੋਵੇ ਜਾਂ ਪ੍ਰਾਈਵੇਟ, ਦੇਸ਼ ਦੇ ਸਾਰੇ ਸਕੂਲਾਂ ਦੇ ਬੱਚਿਆਂ ਲਈ ਇਕ ਯੂਨੀਕ ਆਈਡੀ ਬਣਾਈ ਜਾ ਰਹੀ ਹੈ, ਜਿਸ ਦਾ ਨਾਂ ਅਪਾਰ ਰੱਖਿਆ ਗਿਆ ਹੈ। ਵਿਸ਼ੇਸ਼ ਮੁਹਿੰਮ ਚਲਾ ਕੇ ਇਹ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ।APAAR ID ਦਾ ਅਰਥ ਹੈ: ਆਟੋਮੇਟਿਡ ਪਰਮਾਨੈਂਟ ਅਕਾਦਮਿਕ ਖਾਤਾ ਰਜਿਸਟਰੀ (APAAR ID)।


Apar ID ਕਾਰਡ ਕੀ ਹੈ ? ਇਸ ਵਿੱਚ ਕਿਹੜੀ ਜਾਣਕਾਰੀ ਹੋਵੇਗੀ ?

ਇਹ ਵੱਡਾ ਬਦਲਾਅ ਨਵੀਂ ਸਿੱਖਿਆ ਨੀਤੀ 2020 ਦੀਆਂ ਸਿਫ਼ਾਰਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਜਾ ਰਿਹਾ ਹੈ। Apar ID ਅਸਲ ਵਿੱਚ ਆਧਾਰ ਨੰਬਰ ਦੀ ਤਰ੍ਹਾਂ ਇੱਕ ਪਛਾਣ ਨੰਬਰ ਹੈ, ਪਰ ਇਹ ਸਿਰਫ਼ ਵਿਦਿਅਕ ਵੇਰਵਿਆਂ 'ਤੇ ਕੇਂਦਰਿਤ ਹੈ।ਇਸ ਆਈਡੀ ਵਿੱਚ ਵਿਦਿਆਰਥੀਆਂ ਦੇ ਪ੍ਰੀ–ਪ੍ਰਾਇਮਰੀ ਤੋਂ ਲੈ ਕੇ ਉੱਚ ਸਿੱਖਿਆ ਤੱਕ ਦੇ ਸਮੁੱਚੇ ਵਿਦਿਅਕ ਸਫ਼ਰ ਬਾਰੇ ਜਾਣਕਾਰੀ ਹੋਵੇਗੀ। ਇਸ ਵਿੱਚ ਵਿਦਿਆਰਥੀ ਦਾ ਨਾਮ, ਲਿੰਗ, ਜਨਮ ਮਿਤੀ, ਪਤਾ, ਮਾਤਾ–ਪਿਤਾ ਦਾ ਨਾਮ, ਫੋਟੋ, ਅਤੇ ਉਹਨਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਜਿਵੇਂ ਕਿ ਮਾਰਕਸ਼ੀਟ, ਸਰਟੀਫਿਕੇਟ, ਡਿਗਰੀਆਂ, ਖੇਡ ਮੁਕਾਬਲਿਆਂ ਵਿੱਚ ਭਾਗੀਦਾਰੀ, ਪੁਰਸਕਾਰ, ਹੁਨਰ ਸਿਖਲਾਈ ਅਤੇ ਹੋਰ ਵੇਰਵੇ ਸ਼ਾਮਲ ਹੋਣਗੇ।ਇਹ 94 ਅਕਾਦਮਿਕ ਬੈਂਕ ਆਫ਼ ਕ੍ਰੈਡਿਟ (123) ਅਤੇ DigiLocker ਨਾਲ ਲਿੰਕ ਹੋਵੇਗੀ, ਜਿੱਥੇ ਵਿਦਿਆਰਥੀ ਆਪਣੇ ਦਸਤਾਵੇਜ਼ ਸੁਰੱਖਿਅਤ ਰੱਖ ਸਕਣਗੇ।

ਅਪਾਰ ਆਈਡੀ ਅਤੇ ਆਧਾਰ ਕਾਰਡ ਵਿੱਚ ਅੰਤਰ

ਆਧਾਰ ਕਾਰਡ ਭਾਰਤ ਸਰਕਾਰ ਦੁਆਰਾ ਨਾਗਰਿਕਾਂ ਨੂੰ ਜਾਰੀ ਕੀਤਾ ਗਿਆ ਇੱਕ ਪਛਾਣ ਪੱਤਰ ਹੈ ਜਿਸ ਵਿੱਚ 12 ਅੰਕਾਂ ਦਾ ਵਿਲੱਖਣ ਨੰਬਰ ਹੁੰਦਾ ਹੈ। ਇਹ ਪਛਾਣ ਅਤੇ ਪਤੇ ਦੇ ਸਬੂਤ ਲਈ ਕੰਮ ਕਰਦਾ ਹੈ ਅਤੇ ਇਸ ਵਿੱਚ ਬਾਇਓਮੈਟ੍ਰਿਕ ਡੇਟਾ (ਫੋਟੋ, ਫਿੰਗਰਪ੍ਰਿੰਟ, ਆਇਰਿਸ ਸਕੈਨ) ਸ਼ਾਮਲ ਹੁੰਦਾ ਹੈ।

Apar ID: ਇਹ ਵਿਦਿਅਕ ਰਿਕਾਰਡਾਂ ਨੂੰ ਟਰੈਕ ਕਰਨ ਲਈ ਤਿਆਰ ਕੀਤਾ ਗਿਆ ਹੈ




ਅਤੇ ਇਸ ਵਿੱਚ ਵਿਦਿਆਰਥੀ ਦੀ ਸਿੱਖਿਆ ਨਾਲ ਸਬੰਧਤ ਪੂਰੀ ਜਾਣਕਾਰੀ ਹੋਵੇਗੀ। ਇਹ ਆਧਾਰ ਦੀ ਥਾਂ ਨਹੀਂ ਲਵੇਗਾ, ਪਰ ਵਿਦਿਅਕ ਉਦੇਸ਼ਾਂ ਲਈ ਵੱਖਰੀ ਪਛਾਣ ਵਜੋਂ ਵਰਤਿਆ ਜਾਵੇਗਾ।

94 ਦੇ ਲਾਭ

ਜਾਅਲੀ ਦਸਤਾਵੇਜ਼ਾਂ ਦੀ ਰੋਕਥਾਮ: ਜਾਅਲੀ ਅਕਾਦਮਿਕ ਦਸਤਾਵੇਜ਼ਾਂ ਅਤੇ ਡੁਪਲੀਕੇਟ ਮਾਰਕਸ਼ੀਟਾਂ ਵਰਗੇ ਮਾਮਲਿਆਂ ਨੂੰ ਰੋਕਣ ਵਿੱਚ ਮਦਦ ਕਰੇਗਾ।

ਵਿਦਿਆਰਥੀਆਂ ਦੇ ਅਕਾਦਮਿਕ ਸਫ਼ਰ ਦਾ ਰਿਕਾਰਡ: ਵਿਦਿਆਰਥੀਆਂ ਦੀ ਪੂਰੀ ਅਕਾਦਮਿਕ ਜਾਣਕਾਰੀ ਇੱਕ ਥਾਂ 'ਤੇ ਉਪਲਬਧ ਹੋਵੇਗੀ।

ਸਰਕਾਰੀ ਸਕੀਮਾਂ ਦਾ ਸਿੱਧਾ ਲਾਭ: ਅਪਾਰ ਆਈਡੀ ਰਾਹੀਂ ਵਿਦਿਆਰਥੀਆਂ ਨੂੰ ਸਕੀਮਾਂ ਦਾ ਲਾਭ ਪਾਰਦਰਸ਼ੀ ਅਤੇ ਤੇਜ਼ੀ ਨਾਲ ਮਿਲੇਗਾ।

ਕਰੀਅਰ ਸਹਾਇਤਾ: ਇਹ ਆਈਡੀ ਨੌਕਰੀ ਦੀਆਂ ਅਰਜ਼ੀਆਂ, ਸਕਾਲਰਸ਼ਿਪ, ਕ੍ਰੈਡਿਟ ਟ੍ਰਾਂਸਫਰ ਅਤੇ ਇੰਟਰਨਸ਼ਿਪਾਂ ਲਈ ਉਪਯੋਗੀ ਹੋਵੇਗੀ।

ਡਰਾਪਆਊਟ ਨਿਗਰਾਨੀ: ਰਾਜ ਸਰਕਾਰਾਂ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਨੂੰ ਟਰੈਕ ਕਰਨ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਇਸਦੀ ਵਰਤੋਂ ਕਰਨ ਦੇ ਯੋਗ ਹੋਣਗੀਆਂ।

Apar ID ਕਿਵੇਂ ਬਣੇਗੀ ?

ਸਕੂਲ ਅਪਾਰ ਆਈਡੀ ਬਣਾਉਣਗੇ ਅਤੇ ਇਸ ਲਈ ਵਿਦਿਆਰਥੀਆਂ ਦੇ ਮਾਪਿਆਂ ਤੋਂ ਸਹਿਮਤੀ ਲੈਣੀ ਲਾਜ਼ਮੀ ਹੋਵੇਗੀ। apaar education.gov.in ਪੋਰਟਲ 'ਤੇ ਸਕੂਲਾਂ ਨੂੰ ਅਪਾਰ ਆਈ.ਡੀ ਜਨਰੇਟ ਕਰਨੀ ਹੋਵੇਗੀ। ਹੁਣ ਤੱਕ 34 ਕਰੋੜ ਤੋਂ ਵੱਧ ਵਿਦਿਆਰਥੀਆਂ ਦੀ AAPAR ID ਬਣਾਈ ਜਾ ਚੁੱਕੀ ਹੈ।

ਕੀ ਇਸ ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਜਾਵੇਗਾ ?

ਜੀ ਹਾਂ, Apar ID ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਜਾਵੇਗਾ। ਨਾਬਾਲਗ ਵਿਦਿਆਰਥੀਆਂ ਦੇ ਮਾਮਲੇ ਵਿੱਚ, ਮਾਪਿਆਂ ਦੀ ਸਹਿਮਤੀ ਲੈਣੀ ਲਾਜ਼ਮੀ ਹੋਵੇਗੀ।

ਕੀ Apar 94 ਲਾਜ਼ਮੀ ਹੈ ?

Apar ID ਬਣਾਉਣਾ ਲਾਜ਼ਮੀ ਨਹੀਂ ਹੈ। ਇਹ ਸਵੈਇੱਛਤ ਹੈ, ਅਤੇ ਮਾਪੇ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹਨ। 2026–27 ਤੱਕ ਸਾਰੇ ਵਿਦਿਆਰਥੀਆਂ ਦੇ ਅਕਾਦਮਿਕ ਰਿਕਾਰਡਾਂ ਦਾ 100% ਏਕੀਕਰਣ ਕਰਨ ਦਾ ਟੀਚਾ ਹੈ।

# ਪਿੰਡ ਰੋਡੇ ਵਿੱਚ ਬੀਤੀ ਸ਼ਾਮ ਸਾਬਕਾ ਪੰਚਾਇਤ ਮੈਂਬਰ ਤੇ ਕਾਤਲਾਨਾ ਹਮਲਾ



**(ਲੋਕ ਬਾਣੀ)** ਬਾਘਾਪੁਰਾਣਾ ਹਲਕੇ ਵਿੱਚ ਪੈਂਦੇ ਥਾਣਾ ਸਮਾਲਸਰ ਅਧੀਨ ਆਉਂਦੇ ਪਿੰਡ ਰੋਡੇ ਵਿਖੇ ਬੀਤੀ ਸ਼ਾਮ ਸਾਬਕਾ ਪੰਚਾਇਤ ਮੈਂਬਰ ਪ੍ਰਗਟ ਸਿੰਘ ਪੱਗਾ ਮੋਟਰਸਾਈਕਲ ਤੇ ਜਾ ਰਹੇ ਸੀ ਜਿਸ ਵਕਤ ਪਿੰਡ ਦੇ ਕੁੱਝ ਲੋਕਾਂ ਵੱਲੋਂ ਉਸ ਉਪਰ ਤਿੱਖੇ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਰੂਪ ਵਿਚ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ ਪ੍ਰਗਟ ਸਿੰਘ ਆਪਣੇ ਕਿਸੇ ਕੰਮ ਤੋਂ ਆਪਣੇ ਘਰ ਨੂੰ ਵਾਪਸ ਮੋਟਰਸਾਈਕਲ ਤੇ ਜਾ ਰਿਹਾ ਸੀ ਜਿਸ ਦੌਰਾਨ ਸਥਾਨਕ ਮੈਡੀਕਲ ਸਟੋਰ ਦੇ ਨੇੜੇ ਕੁੱਝ ਵਿਅਕਤੀਆਂ ਨੇ ਉਸ ਤੇ ਕਾਤਲਾਨਾ ਹਮਲਾ ਕਰ ਦਿੱਤਾ ਤੇ ਫਰਾਰ ਹੋ ਗਏ। ਉਸ ਮੌਕੇ ਤੇ ਸਥਾਨਕ ਲੋਕਾਂ ਨੇ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਪ੍ਰਗਟ ਸਿੰਘ ਨੂੰ ਬਾਘਾਪੁਰਾਣਾ ਹਸਪਤਾਲ ਦਾਖਲ ਕਰਵਾਇਆ,ਜਿਸ ਦੌਰਾਨ ਡਾਕਟਰ ਨੇ ਗੰਭੀਰ ਹਾਲਤ ਨੂੰ ਦੇਖਦਿਆਂ ਮਰੀਜ ਨੂੰ ਲੁਧਿਆਣਾ ਡੀਐਮਸੀ ਲਈ ਰੈਫਰ ਕਰ ਦਿੱਤਾ ਗਿਆ ਹੈ। ਥਾਣਾ ਸਮਾਲਸਰ ਦੀ ਪੁਲੀਸ ਨੇ ਮੌਕੇ ਵਾਰਦਾਤ ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਤੇ ਪਰਿਵਾਰ ਦੇ ਬਿਆਨਾਂ ਮੁਤਾਬਿਕ ਕਾਰਵਾਈ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਪੁਲਿਸ ਵੱਲੋਂ ਗੈਂਗਸਟਰ ਮਾਡਿਊਲ ਦੇ ਦੋ ਮੈਂਬਰ ਗ੍ਰਿਫ਼ਤਾਰ; ਦੋ ਗਲਾਕ ਪਿਸਤੌਲ ਬਰਾਮਦ

ਚੰਡੀਗੜ੍ਹ/ਪਠਾਨਕੋਟ, (ਲੋਕ ਬਾਣੀ) ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਪਠਾਨਕੋਟ ਨੇ ਇੱਕ ਗੈਂਗਸਟਰ ਮਾਡਿਊਲ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਟੀਮਾਂ ਨੇ ਉਹਨਾਂ ਕੋਲੋਂ ਦੋ ਆਧੁਨਿਕ 9 ਐਮ.ਐਮ. ਗਲੋਕ ਪਿਸਤੌਲਾਂ ਸਮੇਤ ਚਾਰ ਮੈਗਜ਼ੀਨਾਂ ਅਤੇ 14 ਕਾਰਤੂਸ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੁਨੀਲ ਕੁਮਾਰ ਉਰਫ਼ ਆਸ਼ੂ ਵਾਸੀ ਰਾਊਵਾਲ, ਬਟਾਲਾ ਅਤੇ ਦਿਲਪ੍ਰੀਤ ਸਿੰਘ ਉਰਫ਼ ਦਿਲ ਵਾਸੀ ਰਾਏਮਲ, ਬਟਾਲਾ ਵਜੋਂ ਹੋਈ ਹੈ। ਮੁਲਜ਼ਮ ਸੁਨੀਲ ਉਰਫ਼ ਆਸ਼ੂ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਹੈ। ਉਹ 27 ਫਰਵਰੀ 2024 ਨੂੰ ਗੁਰਦਾਸਪੁਰ ਜੇਲ੍ਹ ਤੋਂ ਜ਼ਮਾਨਤ ਤੇ ਰਿਹਾਅ ਹੋਇਆ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲਗਾ ਹੈ ਕਿ ਮੁਲਜ਼ਮਾਂ ਨੂੰ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਅੰਮ੍ਰਿਤਸਰ ਦੇ ਅਜਨਾਲਾ ਇਲਾਕੇ ਵਿੱਚੋਂ ਹਥਿਆਰਾਂ ਦੀ ਖੇਪ ਮਿਲੀ ਸੀ ਅਤੇ ਇਹ ਖੇਪ ਅੱਗੇ ਕਿਸੇ ਅਣਪਛਾਤੀ ਧਿਰ ਨੂੰ ਸੌਂਪਣ ਦੇ ਨਿਰਦੇਸ਼ ਦਿੱਤੇ ਗਏ ਸਨ। ਉਹਨਾਂ ਅੱਗੇ ਦੱਸਿਆ ਕਿ ਹਥਿਆਰਾਂ ਦੇ ਸਰੋਤ ਦਾ ਪਤਾ ਲਗਾਉਣ ਅਤੇ ਨੈਟਵਰਕ ਵਿੱਚ ਸ਼ਾਮਲ ਹੋਰ ਸ਼ੱਕੀ ਵਿਅਕਤੀਆਂ ਦੀ ਪਛਾਣ ਲਈ ਜਾਂਚ ਜਾਰੀ ਹੈ।



ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਏਆਈਜੀ ਸੀਆਈ ਪਠਾਨਕੋਟ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਪੁਲਿਸ ਨੂੰ ਇਕ ਗੁਪਤ ਸੂਚਨਾ ਮਿਲੀ ਸੀ ਕਿ ਮੁਲਜ਼ਮ ਸੁਨੀਲ ਕੁਮਾਰ ਅਤੇ ਦਿਲਪ੍ਰੀਤ ਸਿੰਘ ਕੁਝ ਅਣਪਛਾਤੇ ਗੈਂਗਸਟਰਾਂ ਦੇ ਸੰਪਰਕ ਵਿੱਚ ਹਨ ਅਤੇ ਹਾਲ ਹੀ ਵਿੱਚ ਉਨ੍ਹਾਂ ਕੋਲੋਂ ਹਥਿਆਰਾਂ ਅਤੇ ਗੋਲੀ-ਸਿੱਕੇ ਦੀ ਇੱਕ ਖੇਪ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ ਤੇ ਸੀਆਈ ਪਠਾਨਕੋਟ ਦੀਆਂ ਟੀਮਾਂ ਨੇ ਜਾਲ ਵਿਛਾ ਕੇ ਦੋਵਾਂ ਮੁਲਜ਼ਮਾਂ ਨੂੰ ਕਾਬੂ ਕਰ ਕੇ ਉਨ੍ਹਾਂ ਦੇ ਕਬਜ਼ੇ ਚੋਂ ਹਥਿਆਰ ਅਤੇ ਗੋਲੀ-ਸਿੱਕਾ ਬਰਾਮਦ ਕਰ ਲਿਆ।

ਏਆਈਜੀ ਨੇ ਦੱਸਿਆ ਕਿ ਮੁਲਜ਼ਮਾਂ ਵੱਲੋਂ ਬਰਾਮਦ ਕੀਤੀਆਂ ਗਈਆਂ ਪਿਛਲੀਆਂ ਖੇਪਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਜਾਰੀ ਹੈ।

ਇਸ ਸਬੰਧੀ ਐਫਆਈਆਰ ਨੰਬਰ 71 ਮਿਤੀ 21.12.2024 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 61 (2) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਲ ਕੀਤਾ ਜਾਵੇਗਾ।

## ਮੋਹਾਲੀ ਚ ਬਹੁਮੰਜ਼ਿਲਾ ਇਮਾਰਤ ਦੇ ਮਲਬੇ ਚੋਂ ਇੱਕ ਵਿਅਕਤੀ ਕੱਢਿਆ ਬਾਹਰ, 15-16 ਹੋਰ ਦੱਬੇ ਹੋਣ ਦਾ ਖਦਸ਼ਾ, 3$ ਮਾਨ ਨੇ ਪ੍ਰਗਟਾਇਆ ਦੁੱਖ, ਕਿਹਾ- ਮੈਂ ਪ੍ਰਸ਼ਾਸਨ.



ਮੋਹਾਲੀ (ਲੋਕ ਬਾਣੀ)- ਪੰਜਾਬ ਦੇ ਮੋਹਾਲੀ (ਲੋਕ ਬਾਣੀ) ਚ ਸ਼ਨੀਵਾਰ ਸ਼ਾਮ ਨੂੰ ਇਕ ਬਹੁਮੰਜ਼ਿਲਾ ਇਮਾਰਤ ਢਹਿ ਗਈ। ਮਲਬੇ ਹੇਠ 15-16 ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਬਚਾਅ ਕਾਰਜ ਦੌਰਾਨ ਇੱਕ ਵਿਅਕਤੀ ਨੂੰ ਬਾਹਰ ਕੱਢ ਲਿਆ ਗਿਆ ਹੈ। ਹਸਪਤਾਲ ਲੈ ਗਏ ਹਨ। ਉਹ ਜ਼ਿੰਦਾ ਹੈ ਜਾਂ ਨਹੀਂ, ਇਸ ਬਾਰੇ ਕੋਈ ਰਸਮੀ ਜਾਣਕਾਰੀ ਨਹੀਂ ਮਿਲੀ ਹੈ। ©4♣6 ਦੇ ਨਾਲ ਫੌਜ ਦੀਆਂ ਟੀਮਾਂ ਮੌਕੇ ਤੇ ਬਚਾਅ ਕਾਰਜ ਚਲਾ ਰਹੀਆਂ ਹਨ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਇਸ ਘਟਨਾ ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਹੈ ਕਿ ਮੈਂ ਲਗਾਤਾਰ ਪ੍ਰਸ਼ਾਸਨ ਦੇ ਸੰਪਰਕ ਚ ਹਾਂ।

## ਜਲੰਧਰ ਨਗਰ ਨਿਗਮ ਚੋਣਾਂ ਦੇ 85 ਨਤੀਜੇ, ਦੇਖੋ ਕਿਹੜੀ ਪਾਰਟੀ ਜਿੱਤੀ




ਜਲੰਧਰ (ਲੋਕ ਬਾਣੀ) ਜਲੰਧਰ ਨਗਰ ਨਿਗਮ ਚੋਣਾਂ ਦੇ ਨਤੀਜਿਆਂ 'ਚ 'ਆਪ' ਪਾਰਟੀ ਦੇ ਉਮੀਦਵਾਰਾਂ ਨੇ ਵੱਡੀ ਜਿੱਤ ਦਰਜ ਕੀਤੀ ਹੈ। ਕੁੱਲ 85 ਵਾਰਡਾਂ ਵਿੱਚੋਂ ਆਪ ਪਾਰਟੀ ਨੇ 40, ਕਾਂਗਰਸ 24, ਭਾਜਪਾ 18, ਬਸਪਾ 1 ਅਤੇ 2 ਆਜ਼ਾਦ ਉਮੀਦਵਾਰ ਜੇਤੂ ਰਹੇ। ਵਾਰਡ 64 ਤੋਂ ਭਾਜਪਾ ਦੇ ਰਾਜੀਵ ਢੀਂਗਰਾ ਨੇ ਸਾਬਕਾ ਮੇਅਰ ਜਗਦੀਸ਼ ਰਾਜਾ ਨੂੰ ਹਰਾਇਆ। ਵਾਰਡ 49 ਵਿੱਚ ਕਾਂਗਰਸ ਦੀ ਨੇਹਾ ਮਿੰਟੂ ਨੇ ਭਾਜਪਾ ਦੀ ਜਸਪਾਲ ਕੌਰ ਭਾਟੀਆ ਨੂੰ ਹਰਾ ਕੇ ਵੱਡੀ ਜਿੱਤ ਦਰਜ ਕੀਤੀ। ਵਾਰਡ 66 ਤੋਂ ਵਿਨੀਤ ਧੀਰ ਨੇ 4462 'ਚੋਂ 3829 ਵੋਟਾਂ ਨਾਲ ਸਭ ਤੋਂ ਵੱਡੀ ਇਕਤਰਫਾ ਜਿੱਤ ਹਾਸਲ ਕੀਤੀ ਹੈ, ਇੱਥੇ ਉਨ੍ਹਾਂ ਦਾ ਵੋਟ ਸ਼ੇਅਰ 85.8 ਫੀਸਦੀ ਰਿਹਾ । 'ਆਪ' ਪਾਰਟੀ ਅਤੇ ਹੋਰ ਪਾਰਟੀਆਂ ਦੇ ਜੇਤੂ ਉਮੀਦਵਾਰਾਂ ਵੱਲੋਂ ਪੂਰੇ ਜੋਸ਼ੋ-ਖਰੋਸ਼ ਨਾਲ ਜਸ਼ਨ ਮਨਾਏ ਜਾ ਰਹੇ ਹਨ।

## ਲੀਗਲ ਸਰਵਿਸਜ਼ ਯੂਨਿਟ ਫਾਰ ਚਿਲਡਰਨ (ਐੱਲ.ਐੱਸ.ਯੂ.ਸੀ) ਲਈ ਓਰੀਐਂਟੇਸ਼ਨ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ

ਮੋਗਾ, ,(ਲੋਕ ਬਾਣੀ)

ਨਾਲਸਾ ਅਤੇ ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਮਾਨਯੋਗ ਇੰਚਾਰਜ ਜ਼ਿਲਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਨਾਲਸਾ ਦੀ ਸਕੀਮ ਤਹਿਤ (ਚਾਈਲਡ ਫਰੈਂਡਲੀ ਲੀਗਲ ਸਰਵਿਸਜ਼ ਫਾਰ ਚਿਲਡਰਨ) ਸਕੀਮ-2024 ਹੇਠ ਬੱਚਿਆਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਸਪੈਸ਼ਲ ਲੀਗਲ ਸਰਵਿਸਜ਼ ਯੂਨਿਟ ਫਾਰ ਚਿਲਡਰਨ (ਐੱਲ.ਐੱਸ.ਯੂ.ਸੀ) ਦਾ ਗਠਨ ਕੀਤਾ ਗਿਆ ਸੀ। ਇਸ ਯੂਨਿਟ ਵਿੱਚ ਇੱਕ ਰਿਟਾਇਰਡ ਜੁਡੀਸ਼ੀਅਲ ਆਫਸਰ, ਚੀਫ ਲੀਗਲ ਏਡ ਡਿਫੈਂਸ ਕਾਊਂਸਲ ਮੋਗਾ ਅਤੇ ਦਫਤਰ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਵੱਖ - ਵੱਖ ਪੈਨਲ ਦੇ ਵਕੀਲ ਅਤੇ ਪੈਰਾ ਲੀਗਲ ਵਲੰਟੀਅਰ ਡਿਪਿਊਟ ਕੀਤੇ ਗਏ ਹਨ। ਇਸ ਯੂਨਿਟ ਦੀ ਅਗਵਾਈ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਜੀ ਵੱਲੋਂ ਕੀਤੀ ਜਾ ਰਹੀ ਹੈ ਅਤੇ ਨਿਗਰਾਨੀ ਅਤੇ ਸੇਧ ਦੇਣ ਦੀ ਜਿੰਮੇਵਾਰੀ ਮਾਨਯੋਗ ਰਿਟਾਇਰਡ ਜੁਡੀਸ਼ੀਅਲ ਅਫਸਰ ਵੱਲੋਂ ਨਿਭਾਈ ਜਾ ਰਹੀ ਹੈ।

ਦਫਤਰ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਇਸ ਯੂਨਿਟ ਦੇ ਪੈਨਲ ਦੇ ਵਕੀਲਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਲਈ ਮਿਤੀ 19.12.2024 ਤੋਂ 20.12.2024 ਤੱਕ ਇੱਕ ਓਰੀਐਂਟੇਸ਼ਨ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਯੂਨਿਟ ਦੇ ਮੈਂਬਰਾਂ ਨੂੰ ਟ੍ਰੇਨਿੰਗ ਦੇਣ ਲਈ ਸ਼੍ਰੀ ਬਿਸ਼ਨ ਸਰੂਪ, ਮਾਨਯੋਗ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ, ਮਿਸ ਪ੍ਰੀਤੀ ਸਾਹਨੀ ਰਿਟਾਇਰਡ ਜੁਡੀਸ਼ੀਅਲ ਅਫਸਰ, ਮਿਸ ਬਲਜਿੰਦਰ ਕੌਰ ਪ੍ਰਿੰਸੀਪਲ ਜੱਜ ਜੁਵੇਨਾਈਲ ਜਸਟਿਸ ਬੋਰਡ ਮੋਗਾ, ਸ਼੍ਰੀ ਸਮੀਰ ਗੁਪਤਾ, ਚੀਫ, ਐੱਲ.ਏ.ਡੀ.ਸੀ. ਮੋਗਾ ਸ਼੍ਰੀ ਰਜੇਸ਼ ਸ਼ਰਮਾ, ਪੈਨਲ ਵਕੀਲ ਮਿਸ ਮਨਦੀਪ ਕੌਰ ਅਤੇ ਮਿਸ ਹਰਵਿੰਦਰ ਕੌਰ ਲੀਗਲ ਕਮ ਪ੍ਰੋਬੇਸ਼ਨ ਅਫਸਰ ਡੀ.ਸੀ.ਪੀ.ਯੂ. ਮੋਗਾ ਵੱਲੋਂ ਬਤੌਰ ਰਿਸੋਰਸ ਪਰਸਨ ਵੱਲੋਂ ਟ੍ਰੇਨਿੰਗ ਦਿੱਤੀ ਗਈ।

(ਫੋਟੋ:ਸ਼੍ਰੀ ਬਿਸ਼ਨ ਸਰੂਪ ਮਾਨਯੋਗ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਜੀ ਤੇ ਹੋਰ ਰਿਸੋਰਸ ਪਰਸਨ ਐੱਲ.ਐੱਸ.ਯੂ.ਸੀ. ਦੇ ਮੈਂਬਰਾਂ ਨੂੰ ਟ੍ਰੇਨਿੰਗ ਦਿੰਦੇ ਹੋਏ।)

## 25ਵਾ ਵਾਰਸ਼ਿਕ ਪਰਿਵਾਰ ਮਿਲਣ ਸਮਾਰੋਹ ਅਤੇ ਖੂਨ ਦਾਨ ਕੈਂਪ 22 ਦਸੰਬਰ ਨੂੰ ਕੀਤਾ ਜਾਵੇਗਾ ਆਯੋਜਨ



ਨਾਭਾ(ਲੋਕ ਬਾਣੀ) ਆਲ ਇੰਡੀਆ ਮੀਆਂਵਾਲੀ ਬਰਾਦਰੀ ਡਿਸਟੀਕ ਇਕਾਈ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਜਸਪਾਲ ਜੂਨੇਜਾ ਦੀ ਅਗਵਾਈ ਵਿੱਚ ਪਰਿਵਾਰ ਮਿਲਣ ਸਮਾਰੋਹ ਅਤੇ ਖੂਨ ਦਾਨ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਸਪਾਲ ਜੂਨੇਜਾ ਵੱਲੋਂ ਦੱਸਿਆ ਗਿਆ ਕਿ 22 ਦਸੰਬਰ ਦਿਨ ਐਤਵਾਰ ਨੂੰ ਲਾਇਨਜ ਭਵਨ ਸਿਨੇਮਾ ਰੋਡ ਵਿਖੇ ਇਹ ਪ੍ਰੋਗਰਾਮ ਕੀਤਾ ਜਾਵੇਗਾ ਜਿਸ ਵਿੱਚ ਹੋਣਹਾਰ ਬੱਚੇ ਅਤੇ ਬਜ਼ੁਰਗਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ ਅਤੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਬਲੱਡ ਬੈਂਕ ਮੈਡੀਕਲ ਪਟਿਆਲਾ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ ਇਸ ਲਈ ਸਭ ਨੂੰ ਬੇਨਤੀ ਹੈ ਪਰਿਵਾਰ ਸਮੇਤ ਪਹੁੰਚ ਕੇ ਹੌਸਲਾ ਵਧਾਈ ਕਰੋ ਅਤੇ ਇਸ ਮੌਕੇ ਮਲਕੀਤ ਗਰੁੱਪ ਦੇ ਐਮ ਡੀ ਰੋਟਰੀ ਕਲੱਬ ਦੇ ਪ੍ਰਧਾਨ ਚਰਨ ਸਿੰਘ ਅਤੇ ਇਸ ਮੌਕੇ ਸੰਜੇ ਢੀਂਗਰਾ, ਸੁਨੀਲ ਮੇਹਦੀਰਤਾ, ਉਮੇਸ਼ ਖੇਤਰਪਾਲ, ਮੁਕੇਸ਼, ਰਾਕੇਸ਼ ਖੇਤਰਪਾਲ,ਪੂਰਨ ਗੁਲਾਟੀ, ਅਸ਼ਵਨੀ ਸਚਦੇਵਾ,ਇੰਦਰ ਜਤਵਾਨੀ ਅਤੇ ਹੋਰ ਵੀ ਸਾਰੇ ਮੈਂਬਰ ਮੌਜੂਦ ਸਨ ਅਤੇ ਜਸਪਾਲ ਜੂਨੇਜਾ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਖ਼ੂਨਦਾਨ ਵਿੱਚ ਵਿਸ਼ੇਸ਼ ਸਹਿਯੋਗ ਮਾਨਵ ਉੱਤਮ ਸੇਵਾ ਸਟੇਟ ਅਵਾਰਡੀ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ

# ਕੈਂਡਲ ਲਾਈਟ ਕੈਰਲ ਮਾਰਚ, ਡੀਓਏ, ਸੀਐਨਆਈ, ਨੇ ਕ੍ਰਿਸਮਿਸ ਦੇ ਮੌਕੇ ਕੈਂਡਲ ਲਾਈਟ ਕੈਰਲ ਮਾਰਚ ਕੱਢਿਆ

**ਅੰਮ੍ਰਿਤਸਰ, (ਲੋਕ ਬਾਣੀ) :** ਦਸੰਬਰ ਦੀ ਕੜਾਕੇ ਦੀ ਠੰਡ ਨੂੰ ਮਾਤ ਦਿੰਦਿਆਂ, ਅੰਮ੍ਰਿਤਸਰ ਦੇ ਈਸਾਈ ਭਾਈਚਾਰੇ ਨੇ ਪੂਰੇ ਉਤਸ਼ਾਹ ਨਾਲ ਡਾਇਓਸੀਸ ਆਫ ਅੰਮ੍ਰਿਤਸਰ (ਡੀ.ਓ.ਏ.), ਚਰਚ ਆਫ ਨਾਰਥ ਇੰਡੀਆ (ਸੀਐਨਆਈ) ਦੀ ਅਗਵਾਈ ਹੇਠ ਕ੍ਰਿਸਮਿਸ ਦੇ ਤਿਉਹਾਰ ਦੇ ਮੌਕੇ ਤੇ ਇਕ ਕੈਂਡਲ ਲਾਈਟ ਕੈਰਲ ਮਾਰਚ ਕੱਢਿਆ।




ਇਹ ਮਾਰਚ ਸੇਂਟ ਪਾਲ ਚਰਚ, ਕੋਰਟ ਰੋਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਮਾਰਗਾਂ ਤੋਂ ਹੁੰਦਾ ਹੋਇਆ ਕ੍ਰਾਈਸਟ ਚਰਚ ਕੈਥੇਡ੍ਰਲ, ਰਾਮ ਬਾਗ, ਅੰਮ੍ਰਿਤਸਰ ਵਿਖੇ ਸਮਾਪਤ ਹੋਇਆ। ਉਮੀਦ ਦੀ ਪ੍ਰਤੀਕ ਚਮਕਦੀਆਂ ਮੋਮਬੱਤੀਆਂ ਲੈ ਕੇ ਹਰ ਉਮਰ ਦੇ ਈਸਾਈ ਵਿਸ਼ਵਾਸੀ ਕ੍ਰਿਸਮਸ ਦੇ ਸੰਦੇਸ਼, ਜੋ ਕਿ ਪਰਮਾਤਮਾ ਦੀ ਸਾਰੀ ਰਚਨਾ ਲਈ ਸ਼ਾਂਤੀ, ਉਮੀਦ, ਪਿਆਰ ਅਤੇ ਖੁਸ਼ੀ ਦਾ ਸੰਦੇਸ਼ ਹੈ, ਨੂੰ ਫੈਲਾਉਣ ਲਈ ਅੰਮ੍ਰਿਤਸਰ ਦੀਆਂ ਸੜਕਾਂ ਤੇ ਨਿਕਲੇ।

ਚਮਕਦੀਆਂ ਮੋਮਬੱਤੀਆਂ ਨੇ ਨਾ ਸਿਰਫ਼ ਸੂਰਜ ਡੁੱਬਣ ਤੋਂ ਬਾਅਦ ਰਾਹ ਦਿਖਾਉਣ ਲਈ ਰੋਸ਼ਨੀ ਪ੍ਰਦਾਨ ਕੀਤੀ, ਸਗੋਂ ਹਨੇਰੇ ਵਿਚ ਢੱਕੀ ਹੋਈ ਦੁਨੀਆਂ ਲਈ ਰੌਸ਼ਨੀ ਦਾ ਵਾਹਕ ਹੋਣ ਦਾ ਬਾਈਬਲ ਦਾ ਸੰਦੇਸ਼ ਵੀ ਦਿੱਤਾ।

ਜਿਵੇਂ ਹੀ ਜਲੂਸ ਸ਼ਹਿਰ ਦੀਆਂ ਗਲੀਆਂ ਵਿੱਚੋਂ ਲੰਘਿਆ, ਮੋਮਬੱਤੀਆਂ ਦੀ ਮੱਧਮ ਚਮਕ ਨੇ ਇੱਕ ਜਾਦੂ ਭਰਿਆ ਅਸਰ ਦਿਖਾਇਆ ਜੋ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦਾ ਪ੍ਰਤੀਕ ਸੀ। ਸ਼ਾਂਤੀ, ਪਿਆਰ ਅਤੇ ਮੁਕਤੀ ਦੇ ਸਦੀਵੀ ਸੰਦੇਸ਼ ਨੂੰ ਲੈ ਕੇ ਕੈਰੋਲ ਗਾਇਕਾਂ ਦੀਆਂ ਆਵਾਜ਼ਾਂ ਦਰਸ਼ਕਾਂ ਅਤੇ ਰਾਹਗੀਰਾਂ ਦੇ ਚਿਹਰਿਆਂ ਤੇ ਉਮੀਦ ਦੀ ਮੁਸਕਾਨ ਲਿਆ ਰਹੀਆਂ ਸਨ।

ਮਸੀਹੀਆਂ ਨੂੰ ਪ੍ਰਮਾਤਮਾ ਨੇ ਲੋੜਵੰਦਾਂ ਲਈ ਉਮੀਦ ਅਤੇ ਸਦਭਾਵਨਾ ਫੈਲਾਉਣ ਲਈ ਰੋਸ਼ਨੀ ਦੇ ਧਾਰਨੀ ਬਣਨ ਲਈ ਬੁਲਾਇਆ ਹੈ,' ਦ ਮੋਸਟ ਰੈਵ ਡਾ ਪੀ ਕੇ ਸਮੰਤਾਰਾਏ, ਬਿਸ਼ਪ, ਡੀਓਏ, ਸੀਐਨਆਈ, ਨੇ ਕਿਹਾ। ਸ਼੍ਰੀ ਡੈਨੀਅਲ ਬੀ ਦਾਸ, ਪ੍ਰਾਪਰਟੀ ਮੈਨੇਜਰ, ਡੀਓਏ, ਸੀਐਨਆਈ, ਨੇ ਸਿੱਖਿਆ, ਸਿਹਤ ਸੰਭਾਲ ਅਤੇ ਕਾਉਂਸਲਿੰਗ ਪਹਿਲਕਦਮੀਆਂ ਰਾਹੀਂ ਹਾਸ਼ੀਏ ਤੇ ਰਹਿ ਗਏ ਭਾਈਚਾਰਿਆਂ ਨੂੰ ਸਸ਼ਕਤ ਕਰਨ ਲਈ ਡਾਇਓਸਿਸ ਦੇ ਅਣਥੱਕ ਯਤਨਾਂ ਨੂੰ ਉਜਾਗਰ ਕੀਤਾ।

ਬਿਸ਼ਪ ਸਾਮੰਤਾਰਾਏ ਨੇ ਪੂਰੇ ਖੇਤਰ ਵਿੱਚ ਪਿਆਰ, ਉਮੀਦ ਅਤੇ ਸਦਭਾਵਨਾ ਫੈਲਾਉਣ ਲਈ ਡਾਇਓਸਿਸ ਦੀ ਵਚਨਬੱਧਤਾ ਨੂੰ ਦੁਹਰਾਇਆ, ਅਤੇ ਲੋਕਾਂ ਨੂੰ ਆਪਣੇ ਭਾਈਚਾਰਿਆਂ ਵਿੱਚ ਰੋਸ਼ਨੀ ਦੀ ਕਿਰਨ ਬਣਨ ਲਈ ਪ੍ਰੇਰਿਤ ਕੀਤਾ।

# ਕਾਨਪੁਰ ਚ ਵਾਹਨ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, ਅੱਧੀ ਦਰਜਨ ਗ੍ਰਿਫਤਾਰ, 10 ਵਾਹਨ ਵੀ ਬਰਾਮਦ

**ਕਾਨਪੁਰ (ਸੁਨੀਲ ਬਾਜਪਾਈ)** ਅਮਨ-ਕਾਨੂੰਨ ਦੇ ਹੱਕ ਵਿੱਚ ਅਪਰਾਧੀਆਂ ਦੇ ਖਿਲਾਫ ਲਗਾਤਾਰ ਮੋਰਚਾ ਚਲਾ ਰਹੀ ਨਜੀਰਾਬਾਦ ਪੁਲਿਸ ਨੇ ਵਾਹਨ ਚੋਰਾਂ ਦੇ ਇੱਕ ਬਦਮਾਸ਼ ਗਿਰੋਹ ਦਾ ਪਰਦਾਫਾਸ਼ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਸ ਨੇ ਇਸ ਗਰੋਹ ਦੇ ਅੱਧੀ ਦਰਜਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 10 ਮੋਟਰਸਾਈਕਲ ਬਰਾਮਦ ਕੀਤੇ ਹਨ।



ਹੁਣ ਇਸ ਗਰੋਹ ਦੇ ਹੋਰ ਮੈਂਬਰਾਂ ਦੀ ਵੀ ਜ਼ੋਰਦਾਰ ਭਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਕੋਲੋਂ ਕਈ ਵਾਹਨ ਵੀ ਬਰਾਮਦ ਕੀਤੇ ਜਾ ਸਕਦੇ ਹਨ। ਫੜੇ ਗਏ ਚੋਰਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ।

ਪੁਲਿਸ ਦੀ ਹੁਣ ਤੱਕ ਦੀ ਜਾਂਚ ਦੇ ਖੁਲਾਸੇ ਅਨੁਸਾਰ ਇਸ ਗਿਰੋਹ ਨਾਲ ਹੋਰ ਲੋਕ ਵੀ ਜੁੜੇ ਹੋ ਸਕਦੇ ਹਨ।

ਚੇਤੇ ਰਹੇ ਕਿ ਨਜ਼ੀਰਾਬਾਦ ਥਾਣਾ ਪੁਲਿਸ ਨੇ ਵਾਹਨ ਚੋਰਾਂ ਦੇ ਇਸ ਅਸ਼ਲੀਲ ਗਿਰੋਹ ਦਾ ਪਰਦਾਫਾਸ਼ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਅੱਜ ਕੱਲ੍ਹ ਉਸ ਨਜ਼ੀਰਾਬਾਦ ਥਾਣੇ ਦੀ ਕਮਾਨ ਹਰ ਤਰ੍ਹਾਂ ਦੇ ਅਪਰਾਧੀਆਂ ਦੇ ਖਿਲਾਫ ਲਗਾਤਾਰ ਸਫਲ ਮੋਰਚਾ ਖੋਲ੍ਹ ਰਹੀ ਹੈ, ਜਿਸ ਵਿੱਚ ਲੋਕ ਹਿੱਤਾਂ ਦੀ ਮਜ਼ਬੂਤ ਵਿਚਾਰਧਾਰਾ ਅਨੁਸਾਰ ਬੇਗੁਨਾਹਾਂ ਨੂੰ ਫਸਾਇਆ ਨਹੀਂ ਜਾਂਦਾ ਅਤੇ ਅਪਰਾਧੀਆਂ ਨੂੰ ਬਖਸ਼ਿਆ ਨਹੀਂ ਜਾਂਦਾ, ਅਪਰਾਧੀਆਂ ਦੇ ਖਿਲਾਫ ਪ੍ਰਭਾਵਸ਼ਾਲੀ ਕਾਰਵਾਈ ਅਤੇ ਮੋਹਰੀ ਵੀ। ਪੀੜਤਾਂ ਦੀ ਹਰ ਸੰਭਵ ਮਦਦ, ਨਿਰਪੱਖ ਅਤੇ ਪਾਰਦਰਸ਼ੀ ਕੰਮ ਕਰਨ ਦੀ ਸ਼ੈਲੀ ਅਤੇ ਕਿਸਮਤ ਭਾਵ ਕਰਮ ਚਮਕਦਾਰ, ਕੁਸ਼ਲ ਇੰਸਪੈਕਟਰ-ਇਨ-ਚਾਰਜ, ਇੰਸਪੈਕਟਰ ਅਮਨ ਸਿੰਘ ਦੇ ਹੱਥਾਂ ਵਿੱਚ ਹੈ, ਜਿਸਨੂੰ ਆਪਣੇ ਕੰਮਾਂ ਤੇ ਭਰੋਸਾ ਹੈ।

ਅਮਨ-ਕਾਨੂੰਨ ਦੇ ਪੱਖ ਤੋਂ ਉਨ੍ਹਾਂ ਨੇ ਅਪਰਾਧੀਆਂ ਵਿਰੁੱਧ ਨਜ਼ੀਰਾਬਾਦ ਦੀ ਕਮਾਨ ਨੂੰ ਸਫ਼ਲਤਾਪੂਰਵਕ ਸੰਭਾਲਿਆ ਹੈ ਅਤੇ ਸਾਰੀਆਂ ਗੰਭੀਰ ਘਟਨਾਵਾਂ ਨੂੰ ਸਹੀ ਢੰਗ ਨਾਲ ਨੰਗਾ ਕਰਕੇ ਹੁਣ ਤੱਕ ਦੇ ਆਪਣੇ ਕਾਰਜਕਾਲ ਦੌਰਾਨ ਸੈਂਕੜੇ ਅਪਰਾਧੀਆਂ ਨੂੰ ਜੇਲ੍ਹ ਭੇਜਣ ਵਾਲੇ ਖਾੜਕੂ ਇੰਸਪੈਕਟਰ ਅਮਨ ਸਿੰਘ ਦਾ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਦਾ ਕਾਰਜਕਾਲ ਇਹ ਵੀ ਸਾਬਤ ਕਰਦਾ ਹੈ ਕਿ ਹਾਲਾਤ ਭਾਵੇਂ ਜੋ ਵੀ ਰਹੇ ਹੋਣ, ਉਨ੍ਹਾਂ ਨੇ ਅੱਜ ਤੱਕ ਆਪਣੀ ਡਿਊਟੀ ਪ੍ਰਤੀ ਲਗਨ ਨਾਲ ਕਦੇ ਸਮਝੌਤਾ ਨਹੀਂ ਕੀਤਾ।

ਇਸ ਦੇ ਨਾਲ ਹੀ ਇੰਸਪੈਕਟਰ ਅਮਨ ਸਿੰਘ ਦੀ ਕਾਰਜਸ਼ੈਲੀ ਵੀ ਗਰੀਬ ਅਤੇ ਬੇਸਹਾਰਾ ਲੋਕਾਂ ਦਾ ਬਹੁਤ ਹੀ ਹਿਤੈਸ਼ੀ ਅਤੇ ਸ਼ੁਭਚਿੰਤਕ ਮੰਨੀ ਜਾਂਦੀ ਹੈ, ਜਿਸ ਅਨੁਸਾਰ ਉਹ ਲੋੜਵੰਦ ਲੋਕਾਂ ਦੀ ਹਰ ਸੰਭਵ ਮਦਦ ਕਰਦੇ ਹਨ। ਇਸ ਦੇ ਨਾਲ ਹੀ ਅਮਨ-ਕਾਨੂੰਨ ਦੇ ਪੱਖ ਵਿਚ ਉਹ ਅਪਰਾਧੀਆਂ ਦੇ ਖਿਲਾਫ ਸ਼ਥੇ ਸ਼ਤਯਮ ਸਮਾਚਾਰੇਤ ਵਾਲੀ ਕਹਾਵਤ ਨੂੰ ਲਾਗੂ ਕਰਨ ਵਿਚ ਵੀ ਨਾਕਾਮਯਾਬ ਨਹੀਂ ਹੁੰਦੇ। ਇਹੀ ਕਾਰਨ ਹੈ ਕਿ ਇੰਸਪੈਕਟਰ ਅਮਨ ਸਿੰਘ ਦੀ ਡਿਊਟੀ ਪ੍ਰਤੀ ਅਥਾਹ ਲਗਨ ਨੇ ਜਿੱਥੇ ਹੁਣ ਤੱਕ ਆਪਣੇ ਕਾਰਜਕਾਲ ਦੌਰਾਨ ਵਾਪਰੀਆਂ ਸਾਰੀਆਂ ਗੰਭੀਰ ਵਾਰਦਾਤਾਂ ਨੂੰ ਸਹੀ-ਸਹੀ ਖੁਲਾਸੇ ਕਰਕੇ ਦਰਜਨਾਂ ਸ਼ਰਾਰਤੀ ਅਨਸਰਾਂ ਨੂੰ ਸਬਕ ਸਿਖਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ, ਉੱਥੇ ਹੀ ਵਾਹਨ ਚੋਰੀ ਕਰਨ ਵਾਲੇ ਗਰੋਹ ਦੇ ਮੈਂਬਰਾਂ ਦੀ ਵੀ ਭਾਲ ਜਾਰੀ ਹੈ ਹੋਰ ਅਪਰਾਧੀਆਂ ਲਈ ਜੋ ਫਰਾਰ ਹਨ।

## ਬਾਲ ਕਵਿਤਾ

## ਤੋਤਾ

ਮੇਰੇ ਘਰ ਦੀ ਛੱਤ ਦੇ ਉੱਤੇ, ਬੈਠਾ ਹੈ ਇੱਕ ਤੋਤਾ।
ਅੰਤਰ-ਧਿਆਨ ਹੋਇਆ ਹੈ ਏਦਾਂ, ਜੀਕਰ ਕੋਈ ਸਰੋਤਾ।

ਵਿੱਚ-ਵਿੱਚ ਅੱਖਾਂ ਖੋਲ੍ਹ-ਖੋਲ੍ਹ ਕੇ, ਵੇਖੇ ਘਰ ਦੇ ਜੀਆਂ।
ਬੱਚੇ ਕੱਠੇ ਹੋ ਕੇ ਆਏ, ਆਖਣ : ਮਿੱਠੂ ਮੀਆਂ।

ਹਰੇ ਰੰਗ ਦਾ ਜਿਸਮ ਓਸਦਾ, ਚੁੰਝ ਲਾਲ ਹੈ ਤਿੱਖੀ।
ਕੋਈ ਭਾਸ਼ਾ ਬੋਲੋ ਉਹਨੂੰ, ਉਹੀਓ ਉਹਨੇ ਸਿੱਖੀ।

ਲੰਮੀ ਪੂਛ ਤੇ ਗਲ਼ ਵਿੱਚ ਗਾਨੀ, ਪੰਛੀ ਕਿੰਨਾ ਸੋਹਣਾ।
ਮਿੱਠੀ, ਪਿਆਰੀ ਵਾਜ ਕੱਢੇ ਜਦ, ਲੱਗਦਾ ਹੈ ਮਨਮੋਹਣਾ।

ਲੋਪ ਹੋਈ ਨੇ ਜਾਂਦੇ ਪੰਛੀ, ਤੋਤੇ, ਕਾਂ ਤੇ ਚਿੜੀਆਂ।
ਵਿਗੜ ਜਾਊ ਸੰਤੁਲਨ ਇਹ ਸਾਰਾ, ਰਹੀਆਂ ਨਾ ਜੇ ਕੁੜੀਆਂ।

ਜੰਗਲ, ਰੁੱਖ ਬਚਾਈਏ ਰਲ਼ ਕੇ, ਧਰਤੀ, ਪੌਣ ਤੇ ਪਾਣੀ।
ਪ੍ਰਕਿਰਤੀ ਤੇ ਪੰਛੀ ਵੀ ਹਨ, ਸਾਡੇ ਸਭ ਦੇ ਹਾਣੀ।

****



ਪ੍ਰੋ. ਨਵ ਸੰਗੀਤ ਸਿੰਘ
1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
9417692015.

## ਗ਼ਜ਼ਲ

ਜਾਪੇ ਉਹਦੀ ਦੀਦ ਦਾ ਜਿਉਂ ਸੀ ਸਦੀਆ ਤੋਂ ਤਿਹਾਇਆ ।
ਗੋਡੀ ਮਾਰ ਗਿਆ ਚੰਨ ਰਾਤੀ ਫ਼ਿਰ ਤੋਂ ਸੀ ਚੜ੍ਹ ਆਇਆ ।

ਨਾ ਉਸਨੇ ਸੁਨੇਹੜੇ ਘੱਲੇ , ਨਾ ਬੂਹਾ ਖੜਕਾਇਆ,
ਕੋਈ ਮਹਿਰਮ ਰੂਹ ਦਾ ਬਣ ਕੇ ਦਰੀਂ ਖਲੋਤਾ ਪਾਇਆ ।

ਆਖਣ ਲੋਕੀ ਮੁੜਦੇ ਨਾਹੀਂ ਇੱਕ ਬਾਰ ਜੋ ਤੁਰ ਗਏ ,
ਅੰਕੜ ਦੇ ਵਿੱਚ ਖੜ੍ਹ ਜਾਂਦੇ ਨੇ, ਉਹ ਖੁਦ ਜਾਂ ਸ਼ਾਇਆ ।

ਮੰਜ਼ਿਲ ਨੂੰ ਸਰ ਕਰਦਾ ਓਹੀ ਜੋ ਨਾ ਹਾਕਮ ਤੋਂ ਡਰਿਆ ,
295 ਵਰਗੇ ਗੀਤਾਂ ਨੂੰ ਸੀ ,ਜਿਸਨੇ ਹੁੱਬ ਕੇ ਗਾਇਆ ।

ਅੱਜ ਦੇ ਬਾਬਰ ਦੀ ਵੀ ਕੰਬਦੀ, ਰੂਹ ਹੋਣੀ ਨਿੱਤ ਸੁਣਕੇ ,
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ ।

ਕਾਤਿਲ ਦਾ ਵੀ ਦਿਲ ਕਰਦਾ ਏ ਬੈਠ ਤਮਾਸ਼ਾ ਦੇਖਾ,
ਐਪਰ ਟਿੱਕਕੇ ਬਹਿਣ ਨਾ ਦਿੰਦਾ ਜਾਗ ਕਲਮ ਦਾ ਲਾਇਆ ।



ਹਰਜੀਤ ਸਿੰਘ ਕਾਤਿਲ ਸ਼ੇਰਪੁਰ
9680795479

# ਜਸਲੀਨ ਰਾਯਲ ਕੋਲਡਪਲੇ ਦੇ ਇੰਡੀਆ ਟੂਰ ਕੰਸਰਟ ਵਿੱਚ ਇੱਕ ਸਰਪ੍ਰਾਈਜ਼ ਗੈਸਟ ਵਜੋਂ ਸ਼ਾਮਲ ਹੋਵੇਗੀ !



ਚੰਡੀਗੜ੍ਹ (ਲੋਕ ਬਾਣੀ) - ਭਾਰਤੀਯ ਕੰਪੋਜ਼ਰ-ਗਾਇਕ-ਨਿਰਮਾਤਾ ਜਸਲੀਨ ਰਾਯਲ, ਜੋ ਕਿ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਗਾਉਂਦੀ ਹੈ, ਭਾਰਤ ਵਿੱਚ ਆਪਣੇ ਬਹੁ-ਉਡੀਕ ਮਿਊਜ਼ਿਕ ਆਫ਼ ਦ ਸਫ਼ੇਅਰਜ਼ ਵਰਲਡ ਟੂਰ ਦੌਰਾਨ ਆਈਕਨਿਕ ਬ੍ਰਿਟਿਸ਼ ਰਾਕ ਬੈਂਡ ਕੋਲਡਪਲੇ ਵਿੱਚ ਸ਼ਾਮਲ ਹੋਣ ਲਈ ਪੂਰੀ ਤਰ੍ਹਾਂ ਤਿਆਰ ਹਨ। ਇਹ ਸਹਿਯੋਗ ਇਸ ਟੂਰ ਦੀ ਖਾਸ ਗੱਲ ਹੋਵੇਗੀ, ਜਿਸ ਵਿੱਚ ਕੋਲਡਪਲੇ ਦੇ ਸ਼ਾਨਦਾਰ ਅਤੇ ਮਹਾਨ ਕਲਾਕਾਰਾਂ ਨਾਲ ਜਸਲੀਨ ਦੀ ਵਿਲੱਖਣ ਸੰਗੀਤਕ ਸ਼ੈਲੀ ਨੂੰ ਸੁਣਿਆ ਜਾਵੇਗਾ।

ਆਪਣੀ ਰੂਹਾਨੀ ਆਵਾਜ਼ ਅਤੇ ਨਵੀਨਤਾਕਾਰੀ ਰਚਨਾਵਾਂ ਲਈ ਜਾਣੀ ਜਾਂਦੀ, ਜਸਲੀਨ ਰਾਯਲ ਸੰਗੀਤ ਸਮਾਰੋਹ ਵਿੱਚ ਇੱਕ ਨਵਾਂ ਅਤੇ ਗਤੀਸ਼ੀਲ ਤੱਤ ਲਿਆਵੇਗੀ। ਖੋ ਗਏ ਹਮ ਕਹਾਂ, ਲਵ ਯੂ ਜ਼ਿੰਦਗੀ, ਹੀਰੀਏ, ਰਾਂਝਾ ਅਤੇ ਸਾਹਿਬਾ ਵਰਗੇ ਉਸ ਦੇ ਹਾਲੀਆ ਹਿੱਟ ਅਤੇ ਸਹਿਯੋਗੀ ਗੀਤਾਂ ਨੇ ਵਿਆਪਕ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ, ਜਿਸ ਨਾਲ ਉਹ ਅੱਜ ਭਾਰਤੀ ਸੰਗੀਤ ਦੇ ਦ੍ਰਿਸ਼ ਵਿੱਚ ਸਭ ਤੋਂ ਵੱਧ ਪਿਆਰੇ ਕਲਾਕਾਰਾਂ ਵਿੱਚੋਂ ਇੱਕ ਬਣ ਗਿਆ ਹੈ। ਬਣ ਗਿਆ ਹੈ। ਆਪਣੇ ਗੀਤ ਗਲੋਬਲ ਚਾਰਟ ਤੇ ਹਾਵੀ ਹੋਣ ਅਤੇ ਲਗਾਤਾਰ ਹਿੱਟ ਦੇਣ ਦੇ ਨਾਲ, ਜਸਲੀਨ ਕੋਲਡਪਲੇ ਨਾਲ ਦਰਸ਼ਕਾਂ ਨੂੰ ਲੁਭਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਇਹ ਸਮਾਗਮ ਭਾਰਤ ਵਿੱਚ 18, 19, 21 ਜਨਵਰੀ 2025 ਨੂੰ ਡੀਵਾਈ ਪਾਟਿਲ ਸਟੇਡੀਅਮ, ਨਵੀਂ ਮੁੰਬਈ ਵਿੱਚ ਹੋਵੇਗਾ। 25 ਅਤੇ 26 ਜਨਵਰੀ 2025 ਨੂੰ ਨਰਿੰਦਰ ਮੋਦੀ ਸਟੇਡੀਅਮ, ਅਹਿਮਦਾਬਾਦ ਵਿਖੇ ਇੱਕ ਸ਼ਾਨਦਾਰ ਸੰਗੀਤ ਸਮਾਰੋਹ ਵਜੋਂ ਹੋਊਗਾ।

ਜਸਲੀਨ ਰਾਯਲ ਨੇ ਕਿਹਾ, ਮੈਂ ਕੋਲਡਪਲੇ ਦੇ ਨਾਲ ਮੰਚ ਸਾਂਝਾ ਕਰਨ ਲਈ ਰੋਮਾਂਚਿਤ ਹਾਂ ਅਤੇ ਇਹ ਇੱਕ ਬਹੁਤ ਵੱਡਾ ਸਨਮਾਨ ਹੈ।' ਉਸਨੇ ਕਿਹਾ, ਉਸ ਦਾ ਸੰਗੀਤ ਮੇਰੇ ਲਈ ਬਹੁਤ ਵੱਡੀ ਪ੍ਰੇਰਨਾ ਰਿਹਾ ਹੈ ਅਤੇ ਮੈਂ ਭਾਰਤ ਵਿੱਚ ਆਪਣੇ ਪ੍ਰਸ਼ੰਸਕਾਂ ਲਈ ਪ੍ਰਦਰਸ਼ਨ ਕਰਨ ਦੀ ਉਮੀਦ ਕਰ ਰਹੀ ਹਾਂ।' ਪ੍ਰਸ਼ੰਸਕ ਇੱਕ ਅਭੁੱਲ ਅਨੁਭਵ ਦੀ ਉਮੀਦ ਕਰ ਸਕਦੇ ਹਨ ਕਿਉਂਕਿ ਜਸਲੀਨ ਰਾਇਲ ਅਤੇ ਕੋਲਡਪਲੇ ਇਕੱਠੇ ਸਟੇਜ ਤੇ ਜਾਦੂ ਬਣਾਉਣ ਲਈ ਤਿਆਰ ਹਨ। ਇਹ ਸਹਿਯੋਗ ਇੱਕ ਸੰਗੀਤਕ ਸਮਾਰੋਹ ਹੋਵੇਗਾ, ਜਿਸ ਵਿੱਚ ਭਾਰਤੀ ਅਤੇ ਅੰਤਰਰਾਸ਼ਟਰੀ ਸੰਗੀਤ ਦਾ ਸ਼ਾਨਦਾਰ ਸੁਮੇਲ ਹੋਵੇਗਾ।

# ਬੀਇੰਗ ਹਿਊਮਨ ਕਲੋਦਿੰਗ ਲੈਕੇ ਆਇਆ ਹੈ ਫਲੈਟ 50 ਪ੍ਰਤੀਸ਼ਤ ਦੀ ਛੂਟ

ਬਠਿੰਡਾ (ਲੋਕ ਬਾਣੀ)- ਬੀਇੰਗ ਹਿਊਮਨ ਕਲੋਦਿੰਗ ਆਪਣੇ ਫੈਨਜ਼ ਅਤੇ ਫੈਸ਼ਨ ਪ੍ਰੇਮੀਆਂ ਨੂੰ ਸਾਲ ਦੇ ਸਭ ਤੋਂ ਵੱਡੇ ਜਸ਼ਨ ਦੇ ਲਈ ਸੱਦਾ ਦੇ ਰਿਹਾ ਹੈ। ਭਾਈ ਦਾ ਬਰਥਡੇ, ਵੈਟਲਿਫਟਿੰਗ ਤੋਂ ਬਣਦਾ ਹੈ! ਸਲਮਾਨ ਖਾਨ, ਜੋ ਬੀਇੰਗ ਹਿਊਮਨ ਕਲੋਦਿੰਗ ਦਾ ਚਿਹਰਾ ਹਨ, ਆਪਣੇ ਜਨਮਦਿਨ ਨੂੰ ਖ਼ਾਸ ਬਣਾਉਣ ਲਈ 25 ਤੋਂ 27 ਦਸੰਬਰ ਤੱਕ ਸਾਰੇ ਕਲੈਕਸ਼ਨ ਤੇ ਫਲੈਟ 50 ਪ੍ਰਤੀਸ਼ਤ ਦੀ ਵਿਸ਼ੇਸ਼ ਛੂਟ ਦੇ ਰਹੇ ਹਨ। ਗਾਹਕ ਨਵੀਂ ਕਲੇਕਸ਼ਨ ਤੇ ਸ਼ਾਨਦਾਰ ਛੂਟ ਦਾ ਆਨੰਦ ਮਾਣ ਸਕਦੇ ਹਨ ਅਤੇ ਆਪਣੇ ਮਨਪਸੰਦ ਸਟਾਰ ਦਾ ਖ਼ਾਸ ਦਿਨ ਬੀਇੰਗ ਹਿਊਮਨ ਦੇ ਸਟਾਈਲ ਵਿੱਚ ਮਨਾਉਣਗੇ।




ਜਸ਼ਨ ਨੂੰ ਹੋਰ ਵੀ ਖ਼ਾਸ ਬਣਾਉਣ ਲਈ, ਬੀਇੰਗ ਹਿਊਮਨ ਕਲੋਦਿੰਗ ਇਸ ਸੀਜ਼ਨ ਵਿੱਚ 4 ਨਵੇਂ ਪਰਫਿਊਮ ਸਪ੍ਰੇ ਪੇਸ਼ ਕਰ ਰਿਹਾ ਹੈ। ਸਲਮਾਨ ਖਾਨ ਦੀ ਕਰਿਸ਼ਮਾਈ ਸ਼ਖ਼ਸੀਅਤ ਅਤੇ ਸਮੇਂ ਤੋਂ ਪਰੇ ਅਪੀਲ ਤੋਂ ਪ੍ਰੇਰਿਤ, ਇਹ ਪਰਫਿਊਮ ਹਰ ਫੈਨ ਦੀ ਸਟਾਈਲ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਹਨ। ਤੋਹਫ਼ੇ ਦੇਣ ਲਈ ਜਾਂ ਆਪਣੇ ਵਾਰਡਰੋਬ ਵਿੱਚ ਤਾਜ਼ਗੀ ਲਿਆਉਣ ਲਈ ਇਹ ਪਰਫਿਊਮ ਬਿਲਕੁਲ ਪਰਫੈਕਟ ਹਨ।

ਆਯਾਨ ਅਗਨਿਹੋਤਰੀ, ਬੀਇੰਗ ਹਿਊਮਨ ਕਲੋਦਿੰਗ ਦੇ ਐਗਜ਼ਿਕਿਊਟਿਵ ਡਾਇਰੈਕਟਰ, ਕਹਿੰਦੇ ਹਨ ਕਿ ਇਹ ਕੈਂਪੇਨ ਸਿਰਫ ਇੱਕ ਸੇਲ ਨਹੀਂ ਹੈ। ਇਹ ਸਲਮਾਨ ਮਾਮੂ ਦੇ ਸਮਰਥਕਾਂ ਨਾਲ ਜੁੜਨ ਅਤੇ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਕਰਨਾ ਹੈ। ਇਹ ਖ਼ਾਸ ਦਿਨ ਸਾਡੇ ਬ੍ਰਾਂਡ ਦੇ 4 ਨਵੇਂ ਬਾਡੀ ਸਪ੍ਰੇ ਲਾਂਚ ਕਰਨ ਦਾ ਸਭ ਤੋਂ ਸੁਹਣਾ ਮੌਕਾ ਹੈ, ਜੋ ਸੱਚਮੁੱਚ 'ਭਾਈ' ਦੀ ਕਰਿਸ਼ਮਾਈ ਅਪੀਲ ਨੂੰ ਦਰਸਾਉਂਦੇ ਹਨ।

# ਹਿੰਦੀ ਮਿੰਨੀ ਕਹਾਣੀ

## ਚੁਗਲੀ

ਕੱਲ੍ਹ ਆਪਣੇ ਨਿੱਘੇ ਦੋਸਤ ਗਗਨ ਨੂੰ ਵਧਾਈ ਦਿੰਦਿਆਂ ਰਾਜੀਵ ਨੇ ਕਿਹਾ ਸੀ - ਗਗਨ ! ਮੈਨੂੰ ਪਹਿਲਾਂ ਹੀ ਪਤਾ ਸੀ ਕਿ ਤੂੰ ਹੀ ਇਸ ਕਮਿਸ਼ਨ ਦਾ ਮੁਖੀ ਬਣੇਂਗਾ। ਤੇਰਾ ਹਰ ਕੰਮ, ਤੇਰਾ ਹਰ ਫੈਸਲਾ ਕਾਬਿਲੇ-ਤਾਰੀਫ਼ ਹੁੰਦਾ ਹੈ। ਹਰ ਮਿਲਣ ਵਾਲਾ ਤੇਰਾ ਮੁਰੀਦ ਹੋ ਜਾਂਦਾ ਹੈ। ਬਹੁਤ ਬਹੁਤ ਮੁਬਾਰਕ ! ਕੱਲ੍ਹ ਮੰਤਰਾਲੇ ਤੋਂ ਆਦੇਸ਼ ਜਾਰੀ ਹੋ ਜਾਣਗੇ।'

ਅਗਲੇ ਦਿਨ ਆਦੇਸ਼ ਤਾਂ ਜਾਰੀ ਹੋ ਗਏ ਪਰ ਗਗਨ ਦੀ ਥਾਂ ਨਾਂ ਕਿਸੇ ਹੋਰ ਦਾ ਸੀ। ਰਾਜੀਵ ਨੇ ਹੈਰਾਨੀ ਦੇ ਨਾਲ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ- ਗਗਨ ! ਇਹ ਕਿਵੇਂ ਸੰਭਵ ਹੈ ? ਲਗਦਾ ਹੈ, ਆਖਰੀ ਸਮੇਂ ਵਿੱਚ ਤੇਰੀ ਥਾਂ ਕਿਸੇ ਹੋਰ ਨੂੰ ਲੈ ਲਿਆ ਗਿਆ ਹੈ। ਤੈਨੂੰ ਪਤਾ ਹੈ ਕਿ ਅਜਿਹਾ ਕਿਉਂ ਹੋਇਆ ?

ਮੁਸਕਰਾਉਂਦੇ ਹੋਏ ਗਗਨ ਨੇ ਜਵਾਬ ਦਿੱਤਾ- ਐਨ ਵਕਤ ਤੇ ਕਿਸੇ ਚੁਗਲਖੋਰ ਨੇ ਮੇਰੀ ਚੁਗਲੀ ਮੁੱਖਮੰਤਰੀ ਜੀ ਨੂੰ ਕਰ ਦਿੱਤੀ ਕਿ ਮੈਂ ਈਮਾਨਦਾਰ ਹਾਂ।'





ਮੂਲ : ਮੀਰਾ ਜੈਨ, ਉਜੈਨ (ਮੱਧਪ੍ਰਦੇਸ਼) jainmeera@B@gmail.com

ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002. 9417692015.

ਏਨਾਂ ਨੈਣਾਂ ਚ ਪਿਆਰ ਦਾ ਸਮੁੰਦਰ ਛਲਕਦੈ।
ਮਿੰਨਾ ਮਿੰਨਾ ਚੰਦਰਾ ਏਹ ਮੇਰਾ ਦਿਲ ਧੜਕਦੈ।

ਮਨ ਚ ਮੋਹ ਦੇ ਵਲਵਲੇ ਉਡਾਰੀ ਪਏ ਮਾਰਦੇ,
ਤਾਹੀਂ ਵੇਖ ਕਿੰਝ ਪਿਆ ਸੱਜਾ ਹੈ ਕੰਨ ਫਰਕਦੈ।

ਚਿਰ ਦੀ ਇੱਛਾ ਸੀ ਪਿਆਰੇ ਮੀਤ ਨੂੰ ਮਿਲਣ ਦੀ,
ਪਹਿਲੀ ਨਜ਼ਰੇ ਏਨਾਂ ਨੈਣਾਂ ਵਿਚ ਮੋਹ ਧੜਕਦੈ।

ਨਜ਼ਰ ਨਜ਼ਰ ਵਿਚ ਫਰਕ ਹੁੰਦਾ ਹੈ ਤੱਕਣੀ ਦਾ,
ਤੱਕ ਤੱਕ ਨੈਣਾਂ ਦਾ ਨਜ਼ਰੀਆ ਪਿਆ ਬਦਲਦੈ।

ਘਿਰਣਾ ਨੂੰ ਤਕਸੀਮ ਕਰ ਖ਼ਲੂਸ ਨੂੰ ਗੁਣਾ ਕਰੋ,
ਪਿਆਰ ਵਣਜ ਵਿਚ ਹੋਇਆ ਵਾਧਾ ਪਰਖ ਲੈ।

ਚੇਹਰੇ ਦੀ ਲਾਲੀ ਦਾ ਹੈ ਜਲੌਅ ਝਲਕਾਂ ਮਾਰਦੈ,
ਵੇਖ ਵੇਖ ਸੋਹਣਾ ਮੁੱਖ ਅਪਣੇ ਮੀਤ ਨੂੰ ਨੁਹਾਰਦੈ।

ਗੁਲਾਮੀ ਚ ਕੱਟੇ ਦਿਨ੍ਹ ਜਦ ਦੀ ਸੰਭਾਲੀ ਹੋਸ਼ ਹੈ,
ਬਣ ਕੇ ਆਜ਼ਾਦ ਹੁਣ ਏਹ ਦਿਲ ਪਿਆ ਧੜਕਦੈ।



ਰਣਜੀਤ ਆਜ਼ਾਦ ਕਾਂਝਲਾ
94646-97781

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇਨ੍ਹਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਐਲਐਮ ਥਾਪਰ ਸਕੂਲ ਆਫ ਮੈਨੇਜਮੈਂਟ ਨੇ ਐਮਬੀਏ ਅਤੇ ਪੀਐਚਡੀ ਪ੍ਰੋਗਰਾਮਾਂ ਵਿੱਚ ਦਾਖਲੇ ਦਾ ਐਲਾਨ ਕੀਤਾ

ਲੁਧਿਆਣਾ (ਲੋਕ ਬਾਣੀ) : ਥਾਪਰ ਇੰਸਟੀਟਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਟੀਆਈਈਟੀ) ਨੇ ਆਪਣੇ ਬਿਜ਼ਨਸ ਸਕੂਲ, ਐਲਐਮ ਥਾਪਰ ਸਕੂਲ ਆਫ ਮੈਨੇਜਮੈਂਟ ਵਿੱਚ ਐਮਬੀਏ ਅਤੇ ਪੀਐਚਡੀ ਪ੍ਰੋਗਰਾਮਾਂ ਲਈ ਦਾਖਲੇ ਦਾ ਐਲਾਨ ਕੀਤਾ ਹੈ। ਟੀਆਈਈਟੀ ਆਪਣੀ ਅਕਾਦਮਿਕ ਉਤਕ੍ਰਿਸ਼ਟਤਾ, ਰਿਸਰਚ ਵਿੱਚ ਯੋਗਦਾਨ ਅਤੇ ਇੰਡਸਟਰੀ ਨਾਲ ਮਜ਼ਬੂਤ ਸੰਬੰਧਾਂ ਲਈ ਮਸ਼ਹੂਰ ਹੈ। ਇਹ ਸੰਸਥਾ ਵੱਖ-ਵੱਖ ਖੇਤਰਾਂ ਵਿੱਚ ਸਨਾਤਕ, ਸਨਾਤਕੋਤਰ ਅਤੇ ਡਾਕਟੋਰਟ ਪ੍ਰੋਗਰਾਮਾਂ ਦੀ ਵਿਸ਼ਾਲ ਰੇਂਜ ਪ੍ਰਦਾਨ ਕਰਦੀ ਹੈ।

ਟੀਆਈਈਟੀ ਦਾ ਹਿੱਸਾ ਹੋਣ ਦੇ ਨਾਤੇ, ਐਲਐਮ ਥਾਪਰ ਸਕੂਲ ਆਫ ਮੈਨੇਜਮੈਂਟ ਅਕਾਦਮਿਕ ਉਤਕ੍ਰਿਸ਼ਟਤਾ ਅਤੇ ਨਵੀਨਤਮ ਰਿਸਰਚ ਲਈ ਵਚਨਬੱਧ ਹੈ। ਇਸਦੇ ਐਮਬੀਏ ਅਤੇ ਪੀਐਚਡੀ ਪ੍ਰੋਗਰਾਮ ਵਿਦਿਆਰਥੀਆਂ ਨੂੰ ਗਿਆਨ, ਕੌਸ਼ਲ ਅਤੇ ਮੌਕਿਆਂ ਨਾਲ ਲੈਸ ਕਰਨ ਲਈ ਧਿਆਨਪੂਰਵਕ ਡਿਜ਼ਾਈਨ ਕੀਤੇ ਗਏ ਹਨ, ਤਾਂ ਜੋ ਉਹ ਅੱਜ ਦੇ ਮੁਕਾਬਲੇਭਰਪੂਰ ਗਲੋਬਲ ਮਾਹੌਲ ਵਿੱਚ ਸਫਲ ਹੋ ਸਕਣ। ਇਹ ਸਕੂਲ ਭਵਿੱਖ ਦੇ ਆਗੂਆਂ ਨੂੰ ਤਿਆਰ ਕਰਨ ਦੀ ਆਪਣੀ ਪਰੰਪਰਾ ਨੂੰ ਜਾਰੀ ਰੱਖ ਰਿਹਾ ਹੈ, ਜੋ ਵੱਖ-ਵੱਖ ਇੰਡਸਟਰੀ ਅਤੇ ਕਮਿਊਨਿਟੀਆਂ 'ਤੇ ਸਕਾਰਾਤਮਕ ਪ੍ਰਭਾਵ ਪਾਉਂਦੇ ਹਨ।

ਐਮਬੀਏ ਪ੍ਰੋਗਰਾਮ ਵਿੱਚ ਕਿਸੇ ਵੀ ਵਿਸ਼ੇ ਵਿੱਚ ਸਨਾਤਕ ਜਾਂ ਸਨਾਤਕੋਤਰ ਡਿਗਰੀ ਰੱਖਣ ਵਾਲੇ ਉਮੀਦਵਾਰ ਅਰਜ਼ੀ ਦੇ ਸਕਦੇ ਹਨ, ਜਿਨ੍ਹਾਂ ਕੋਲ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਘੱਟੋ-ਘੱਟ 50 ਫੀਸਦੀ ਕੁੱਲ ਅੰਕ ਜਾਂ ਸਮਕੱਖ ਸੀਜੀਪੀਏ ਹੋਵੇ। ਪੀਐਚਡੀ ਪ੍ਰੋਗਰਾਮ ਲਈ, ਪੋਸਟਗ੍ਰੈਜੂਏਟ ਡਿਗਰੀ ਜਾਂ ਸਮਕੱਖ ਯੋਗਤਾ ਵਾਲੇ ਉਮੀਦਵਾਰ ਜਿਨ੍ਹਾਂ ਕੋਲ 10-ਪੌਇੰਟ ਸਕੇਲ ਤੇ ਘੱਟੋ-ਘੱਟ 6.00 ਸੀਜੀਪੀਏ ਜਾਂ 55 ਫੀਸਦੀ ਕੁੱਲ ਅੰਕ ਹਨ, ਅਰਜ਼ੀ ਦੇ ਸਕਦੇ ਹਨ। ਦਾਖਲੇ ਦੀ ਪ੍ਰਕਿਰਿਆ ਵਿੱਚ ਅਕਾਦਮਿਕ ਯੋਗਤਾ, ਸਟੈਂਡਰਡਾਈਜ਼ ਟੈਸਟ ਦੇ ਸਕੋਰ, ਇੰਟਰਵਿਊ ਅਤੇ ਸੰਬੰਧਿਤ ਕੰਮ ਦੇ ਤਜਰਬੇ ਦਾ ਮੁਲਾਂਕਣ ਸ਼ਾਮਲ ਹੈ।

ਰੋਜ਼ਾਨਾ ਲੋਕ ਬਾਣੀ
www.lokbani

ਡਾ. ਗੁਰਬਿੰਦਰ ਸਿੰਘ, ਨਿਰਦੇਸ਼ਕ, ਡੇਰਾ ਬੱਸੀ ਕੈਂਪਸ (ਪੰਜਾਬ), ਐਲਐਮ ਥਾਪਰ ਸਕੂਲ ਆਫ ਮੈਨੇਜਮੈਂਟ ਅਤੇ ਟੀਆਈਈਟੀ ਨੇ ਕਿਹਾ ਕਿ ਅਸੀਂ ਭਵਿੱਖ ਦੇ ਆਗੂਆਂ ਨੂੰ ਤਿਆਰ ਕਰਨ ਲਈ ਵਚਨਬੱਧ ਹਾਂ, ਜੋ ਆਪਣੇ ਚੁਣੇ ਹੋਏ ਖੇਤਰਾਂ ਵਿੱਚ ਸਕਾਰਾਤਮਕ ਪ੍ਰਭਾਵ ਪਾ ਸਕਣ। ਸਾਡੇ ਪ੍ਰੋਗਰਾਮ ਅਕਾਦਮਿਕ ਸਖਤੀ ਨੂੰ ਪ੍ਰੈਕਟੀਕਲ ਦ੍ਰਿਸ਼ਟੀ ਨਾਲ ਜੋੜਨ ਲਈ ਡਿਜ਼ਾਈਨ ਕੀਤੇ ਗਏ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿੱਚ ਰਾਹਦਾਰੀ ਅਤੇ ਆਗੂ ਬਣਨ ਦੇ ਸਾਧਨ ਮਿਲਦੇ ਹਨ। ਇਸ ਸਾਲ, ਅਸੀਂ ਉਹਨਾਂ ਪ੍ਰਤਿਭਾਸ਼ਾਲੀ ਵਿਅਕਤੀਆਂ ਦੇ ਇੱਕ ਵਿਭਿੰਨ ਗਰੁੱਪ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ, ਜੋ ਆਪਣੇ ਆਪ ਨੂੰ ਚੁਣੌਤੀ ਦੇਣ ਅਤੇ ਸਮਾਜ ਵਿੱਚ ਯੋਗਦਾਨ ਪਾਉਣ ਲਈ ਉਤਸੁਕ ਹਨ।

# ਨਵੇਂ ਸਾਲ ਵਿੱਚ ਏਆਈ ਸਾਡੀ ਜ਼ਿੰਦਗੀ ਵਿੱਚ ਕਿੰਨਾ ਬਦਲਾਅ ਲਿਆਏਗਾ ?

ਹਾਲ ਹੀ ਵਿੱਚ, ਓਪਨ ਏਆਈ ਅਤੇ ਗੂਗਲ ਦੇ ਵਿਚਕਾਰ ਇੱਕ ਮੁਕਾਬਲਾ ਹੋਇਆ, ਜਿਸ ਵਿੱਚ ਗੂਗਲ ਨੇ 12 ਦਿਨਾਂ ਦੀ ਨਵੀਨਤਾ ਚੁਣੌਤੀ ਨਿਰਧਾਰਤ ਕੀਤੀ ਅਤੇ ਫਿਰ ਆਪਣੇ 7 ਜੈਮੀਨੀ 2 ਏਆਈ ਮਾਡਲ ਨਾਲ ਮੈਦਾਨ ਵਿੱਚ ਉਤਰਿਆ। ਇਹਨਾਂ ਮੁਕਾਬਲਿਆਂ ਤੋਂ ਇਲਾਵਾ, ਮੈਂ 2025 ਅਤੇ ਉਸ ਤੋਂ ਬਾਅਦ ਦੇ ਚਾਰ ਏਆਈ ਰੁਝਾਨਾਂ ਤੇ ਚਰਚਾ ਕਰਨਾ ਚਾਹਾਂਗਾ, ਜੋ ਦਿਖਾਉਂਦੇ ਹਨ ਕਿ ਕਿਵੇਂ ਮਨੁੱਖ ਅਤੇ ਏਆਈ ਜੀਵਨ, ਕੰਮ ਅਤੇ ਸਬੰਧਾਂ ਦੇ ਮਾਮਲੇ ਵਿੱਚ ਇੱਕ ਦੂਜੇ ਦੇ ਨੇੜੇ ਆਉਣਗੇ। ਪਹਿਲਾ ਰੁਝਾਨ, ਕੋਡਿੰਗ ਹੁਣ ਨਵੀਂ ਅੰਗਰੇਜ਼ੀ ਹੈ ਜਦੋਂ ਸਾਡੀ ਪੀੜ੍ਹੀ ਵੱਡੀ ਹੋ ਰਹੀ ਸੀ, ਸਾਨੂੰ ਕਿਹਾ ਗਿਆ ਸੀ ਕਿ ਅੰਗਰੇਜ਼ੀ ਸਿੱਖੋਇਹ ਸਫਲਤਾ ਦਾ ਪਾਸਪੋਰਟ ਹੈ। ਅਸੀਂ ਵੀ ਅਜਿਹਾ ਹੀ ਕੀਤਾ ਅਤੇ ਆਪਣੇ ਕਰੀਅਰ ਅਤੇ ਕਾਰੋਬਾਰ ਵਿੱਚ ਸਫਲ ਰਹੇ। ਬਦਲੇ ਵਿੱਚ, ਅਸੀਂ ਆਪਣੇ ਬੱਚਿਆਂ ਨੂੰ ਦੱਸਿਆ ਕਿ ਕੋਡਿੰਗ ਸਿੱਖਣਾ ਸਫਲਤਾ ਦਾ ਪਾਸਪੋਰਟ ਹੈ। ਇਸ ਤਰ੍ਹਾਂ ਕੋਡਿੰਗ ਨਵੀਂ ਅੰਗਰੇਜ਼ੀ ਬਣ ਗਈ। ਇਸ ਕਾਰਨ, 10 ਸਾਲ ਦੇ ਬੱਚਿਆਂ ਨੂੰ ਵੀ ਪਾਈਥਨ ਅਤੇ ਜਾਵਾ ਸਕ੍ਰਿਪਟ ਸਿੱਖਣ ਲਈ ਕੋਡ ਕੈਂਪਾਂ ਵਿੱਚ ਖਿੱਚਿਆ ਜਾਣਾ ਸ਼ੁਰੂ ਹੋ ਗਿਆ। ਜਨਰੇਟਿਵ ਏਆਈ ਦੇ ਆਉਣ ਨਾਲ ਤਸਵੀਰ ਬਦਲ ਗਈ। ਹੁਣ ਜਦੋਂ ਵੀ ਅਸੀਂ ਚੈਟਜੀਪੀਟੀ ਜਾਂ ਇਸ ਵਰਗੀ ਕਿਸੇ ਵੀ ਚੀਜ਼ ਨਾਲ ਸੰਚਾਰ ਕਰਦੇ ਹਾਂ, ਅਸੀਂ ਅਸਲ ਵਿੱਚ ਕੋਡਿੰਗ ਕਰ ਰਹੇ ਹਾਂ, ਯਾਨੀ ਇਸਨੂੰ ਸਾਡੇ ਲਈ ਕੁਝ ਕੰਮ ਕਰਨ ਲਈ ਨਿਰਦੇਸ਼ ਦੇ ਰਹੇ ਹਾਂ।ਭਾਵੇਂ ਵੀਡੀਓ ਬਣਾਉਣਾ ਹੋਵੇ ਜਾਂ ਲਿਖਣਾ। ਅਸੀਂ ਮਸ਼ੀਨੀ ਭਾਸ਼ਾ ਦੀ ਬਜਾਏ ਆਪਣੀ ਕੁਦਰਤੀ ਮਨੁੱਖੀ ਭਾਸ਼ਾ ਵਿੱਚ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਇੱਕ ਬਹੁਤ ਵੱਡੀ ਤਬਦੀਲੀ ਹੈ, ਕਿਉਂਕਿ ਇਸ ਵਿੱਚ ਕੋਡਿੰਗ ਦਾ ਲੋਕਤੰਤਰੀਕਰਨ ਕਰਨ ਅਤੇ ਅੱਠ ਅਰਬ ਲੋਕਾਂ ਨੂੰ ਕੋਡ ਕਰਨ ਦੇ ਯੋਗ ਬਣਾਉਣ ਦੀ ਸਮਰੱਥਾ ਹੈ। ਸ਼ਾਇਦ ਇਸੇ ਲਈ ਮਾਈਕ੍ਰੋਸਾਫਟ ਦੇ ਸੱਤਿਆ ਨਡੇਲਾ ਦਾ ਕਹਿਣਾ ਹੈ ਕਿ ਮਸ਼ੀਨ ਭਾਸ਼ਾ ਸਿੱਖਣ ਦੀ ਬਜਾਏ ਮਸ਼ੀਨਾਂ ਨੂੰ ਹੁਣ ਸਾਡੀ ਭਾਸ਼ਾ ਸਿੱਖਣੀ ਪਵੇਗੀ। ਐਨਵੀਡੀਆ ਦਾ ਜੇਨਸਨ ਹੁਆਂਗ ਸਹਿਮਤ ਹੈ ਅਤੇ ਕਹਿੰਦਾ ਹੈ ਕਿ ਏਆਈ ਦੀ ਅਸਲ ਸੰਭਾਵਨਾ ਇਹ ਹੈ ਕਿ ਸਾਡੇ ਵਿੱਚੋਂ ਕਿਸੇ ਨੂੰ ਵੀ ਕੋਡਿੰਗ ਸਿੱਖਣ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ, ਹੁਣ ਅੰਗਰੇਜ਼ੀ ਜਾਂ ਕੋਈ ਹੋਰ ਕੁਦਰਤੀ ਭਾਸ਼ਾ ਨਵੀਂ ਕੋਡਿੰਗ ਭਾਸ਼ਾ ਬਣ ਜਾਂਦੀ ਹੈ। ਦੂਜਾ ਰੁਝਾਨ, ਏਆਈ ਨਵਾਂ ਯੂਆਈ ਹੈ, ਯਾਨੀ ਏਆਈ ਨਵਾਂ ਯੂਜ਼ਰ ਇੰਟਰਫੇਸ ਬਣ ਜਾਵੇਗਾ। ਬਿਲ ਗੇਟਸ ਨੇ ਨਵੰਬਰ 2023 ਵਿੱਚ ਭਵਿੱਖਬਾਣੀ ਕੀਤੀ ਸੀ ਕਿ ਤੁਹਾਨੂੰ ਵੱਖ-ਵੱਖ ਕੰਮਾਂ ਲਈ ਵੱਖ-ਵੱਖ ਐਪਸ ਦੀ ਵਰਤੋਂ ਨਹੀਂ ਕਰਨੀ ਪਵੇਗੀ। ਤੁਸੀਂ ਆਪਣੀ ਡਿਵਾਈਸ ਨੂੰ ਰੋਜ਼ਾਨਾ ਭਾਸ਼ਾ ਵਿੱਚ ਦੱਸੋਗੇ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ। ਅਸਲ ਵਿੱਚ, ਯੂਆਈ ਇੱਕ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਅਤੇ ਮਸ਼ੀਨ ਇੱਕ ਦੂਜੇ ਨਾਲ ਸੰਚਾਰ ਕਰਦੇ ਹਨ। ਸਧਾਰਨ ਯੂਆਈ ਮਸ਼ੀਨ ਨਾਲ ਇੱਕ ਤੇਜ਼, ਵਧੇਰੇ ਅਨੁਭਵੀ ਅਤੇ ਉਤਪਾਦਕ ਸਬੰਧ ਬਣਾਉਣਾ ਸੰਭਵ ਬਣਾਉਂਦਾ ਹੈ। ਏਆਈ ਦੇ ਆਗਮਨ ਨਾਲਇਹ ਸਾਡੀ ਆਵਾਜ਼ ਦੁਆਰਾ ਸੰਚਾਲਿਤ ਹੋਵੇਗਾ, ਜਿਵੇਂ ਅਸੀਂ ਕਿਸੇ ਹੋਰ ਮਨੁੱਖ ਨਾਲ ਸੰਚਾਰ ਕਰਦੇ ਹਾਂ। ਅਸੀਂ ਆਪਣੇ ਰੋਜ਼ਾਨਾ ਦੇ ਕੰਮਾਂ ਲਈ ਚੈਟਜੀਪੀਟੀ ਜਾਂ ਜੈਮੀਨੀ ਨਾਲ ਗੱਲ ਕਰਾਂਗੇ। ਵੱਡੀ ਸਕ੍ਰੀਨ ਤੋਂ ਅਵਾਜ਼ ਲੈਣ ਦੇ ਨਾਲ, ਸਾਡੀਆਂ ਡਿਵਾਈਸਾਂ ਬਦਲ ਜਾਣਗੀਆਂ। ਤੀਜਾ ਰੁਝਾਨ, ਏਆਈ ਅਤੇ ਏਆਈ ਨਵੇਂ ਸਿਰਜਣਹਾਰ ਹਨ। ਜਨਰੇਟਿਵ ਏਆਈ ਇੱਕ ਤਕਨੀਕ ਹੈ ਜੋ ਕਲਾ, ਕਵਿਤਾ, ਲੇਖਣੀ ਵਰਗੇ ਰਚਨਾਤਮਕ ਕੰਮ ਕਰ ਸਕਦੀ ਹੈ। ਇਸ ਨਾਲ ਮਨੁੱਖੀ ਰੁਜ਼ਗਾਰ ਲਈ ਖ਼ਤਰਾ ਵਧ ਗਿਆ, ਕਿਉਂਕਿ ਰਚਨਾਤਮਕਤਾ ਨੂੰ ਇੱਕ ਵਿਲੱਖਣ ਮਨੁੱਖੀ ਹੁਨਰ ਮੰਨਿਆ ਜਾਂਦਾ ਸੀ। ਹਾਲਾਂਕਿ, ਮੇਰਾ ਮੰਨਣਾ ਹੈ ਕਿ ਜਨਰੇਟਿਵ ਏ.ਆਈਇਹ ਕੇਵਲ ਰਚਨਾਤਮਕਤਾ ਨੂੰ ਵਧਾਉਣ ਲਈ ਕੰਮ ਕਰੇਗਾ. ਉਦਾਹਰਨ ਲਈ, ਪਿਛਲੇ ਹਫ਼ਤੇ ਜਾਰੀ ਕੀਤੇ ਓਪਨ ਏਆਈ ਦੇ ਸੋਰਾ ਨੂੰ ਲਓ। ਜਦੋਂ ਸੈਮ ਓਲਟਮੈਨ ਨੇ ਲੋਕਾਂ ਤੋਂ ਸੁਝਾਅ ਮੰਗੇ ਕਿ ਇੱਕ ਸਾਲ ਪਹਿਲਾਂ ਕਿਸ ਤਰ੍ਹਾਂ ਦੇ ਰਚਨਾਤਮਕ ਵੀਡੀਓ ਬਣਾਉਣੇ ਹਨ - ਇਹ ਸੰਕਲਪ ਵੱਖ-ਵੱਖ ਜਾਨਵਰਾਂ ਦੇ ਪ੍ਰਗਟ ਹੋਣ ਲਈ ਸੀ। ਸੋਰਾ ਨੇ ਇਸਦੀ ਬਹੁਤ ਵਧੀਆ ਵੀਡੀਓ ਬਣਾਈ ਹੈ। ਜ਼ਾਹਿਰ ਹੈ ਕਿ ਇਹ ਸੋਰਾ ਦੀ ਨਹੀਂ, ਕੁਨਾਲ ਦੀ ਰਚਨਾਤਮਕਤਾ ਸੀ। ਇਹ ਸਪੱਸ਼ਟ ਹੈ ਕਿ ਮਨੁੱਖ ਅਤੇ ਏਆਈ ਮਿਲ ਕੇ ਰਚਨਾਤਮਕਤਾ ਦੇ ਇੱਕ ਨਵੇਂ ਯੁੱਗ ਦੀ ਸਿਰਜਣਾ ਕਰਨਗੇ।ਨਹੀਂ ਬਣਾਏਗਾ। ਚੌਥਾ ਰੁਝਾਨ, ਏਆਈ ਨਵੇਂ ਗਾਹਕ ਬਣਾਉਂਦਾ ਹੈ। ਉਦਯੋਗਿਕ ਕ੍ਰਾਂਤੀ ਨੇ ਆਪਣੇ ਨਾਲ ਲੈਣ-ਦੇਣ ਵਾਲੇ ਉਦਯੋਗਿਕ ਗਾਹਕਾਂ ਨੂੰ ਲਿਆਇਆ ਜੋ ਘੱਟ ਹੀ ਤਕਨਾਲੋਜੀ ਦੀ ਵਰਤੋਂ ਕਰਦੇ ਸਨ, ਜਦੋਂ ਕਿ ਇੰਟਰਨੈਟ ਨੇ ਡਿਜੀਟਲੀ ਸੰਚਾਲਿਤ ਗਾਹਕ ਬਣਾਏ। ਏਆਈ ਦੇ ਇਸ ਯੁੱਗ ਵਿੱਚ, ਇੱਕ ਨਵੀਂ ਕਿਸਮ ਦਾ ਗਾਹਕ ਉਭਰੇਗਾ, ਜੋ ਪੂਰਨ ਗੋਪਨੀਯਤਾ ਦੇ ਯੁੱਗ ਵਿੱਚ ਜੀਵੇਗਾ ਅਤੇ ਏਆਈ ਕਿਸੇ ਵੀ ਭਾਵਨਾ ਤੋਂ ਪ੍ਰਭਾਵਿਤ ਹੋਏ ਬਿਨਾਂ ਇੱਕ ਸਾਥੀ ਦੇ ਰੂਪ ਵਿੱਚ ਆਪਣੀਆਂ ਜ਼ਰੂਰਤਾਂ ਅਤੇ ਬ੍ਰਾਂਡ ਸਬੰਧਾਂ ਦਾ ਅੰਦਾਜ਼ਾ ਲਗਾਏਗਾ। ਇਸ ਦਾ ਮਤਲਬ ਹੈ ਕਿ ਕਾਰੋਬਾਰ ਅਤੇ ਮਾਰਕੀਟਿੰਗ ਵਿਚ ਵੱਡਾ ਬਦਲਾਅ ਹੋਵੇਗਾ। ਸਪੱਸ਼ਟ ਹੈ, ਇਹ ਸਭ ਸਾਡੀ ਜੀਵਨ ਸ਼ੈਲੀ ਤੇ ਬਹੁਤ ਨਿਰਭਰ ਕਰਦਾ ਹੈ.ਅਸਰਨਦਾਜ ਹੋਣ ਵਾਲਾ ਹੈ। ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਸਟਰੀਟ ਕੌਰ ਚੰਦ ਐਮ.ਐਚ.ਆਰ ਮਲੋਟ ਪੰਜਾਬ।

ਰੋਜ਼ਾਨਾ ਲੋਕ ਬਾਣੀ
www.lokbani



ਵਿਜੈ ਗਰਗ

# ਬਾਬਾ ਸੰਗਤ ਸਿੰਘ ਸੇਵਾ ਫਾਊਂਡੇਸ਼ਨ ਡੇਹਲੋਂ ਵੱਲੋਂ 19 ਵਾਂ ਸਲਾਨਾ ਲੰਗਰ 25 ਦਸੰਬਰ ਤੋਂ



ਡੇਹਲੋਂ (ਲੋਕ ਬਾਣੀ)–ਸ਼ਹੀਦੀ ਸਭਾ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਸਮੂਹ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਬਾਬਾ ਸੰਗਤ ਸਿੰਘ ਸੇਵਾ ਫਾਉਂਡੇਸ਼ਨ ਡੇਹਲੋਂ ਵੱਲੋਂ 19ਵਾਂ ਸਲਾਨਾ ਲੰਗਰ ਮਿਤੀ: 25 ਦਸੰਬਰ 2024 ਤੋਂ 29 ਦਸੰਬਰ 2024 ਤੱਕ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂਦਵਾਰਾ ਬਿਬਾਨ ਗੜ ਸਾਹਿਬ ਦੇ ਕੋਲ ਲਗਾਇਆ ਜਾ ਰਿਹਾ ਹੈ। ਇਸ ਮੌਕੇ ਲੰਗਰ ਦੇ ਪ੍ਰਬੰਧਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਲੰਗਰ ਬਾਬਾ ਸੰਗਤ ਸਿੰਘ ਸੇਵਾ ਫਾਊਂਡੇਸ਼ਨ (ਰਜਿ:) ਡੇਹਲੋਂ ਨਗਰ ਪੰਚਾਇਤ ਐਨ ਆਰ ਆਈ ਵੀਰ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਲਗਾਇਆ ਜਾਂਦਾ ਹੈ ਉਹਨਾਂ ਕਿਹਾ ਕਿ ਇਹਨਾਂ ਲੰਗਰਾਂ ਦੀ ਸੇਵਾ ਵਿੱਚ ਪਿੰਡ ਰੰਗੀਆਂ, ਰੁੜਕਾਂ, ਸ਼ੰਕਰ, ਘਵੱਦੀ, ਨੱਤ (ਸਾਹਨੇਵਾਲ) ਸਹੌਲੀ, ਅਤੇ ਪਿੰਡ ਪਮਾਲ ਦੇ ਨਗਰ ਨਿਵਾਸੀ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ।

# ਗ੍ਰਾਮ ਪੰਚਾਇਤ ਚਮਿੰਡਾ ਵੱਲੋਂ ਖੇਡ ਪਾਰਕ ਵਿਖੇ ਫੁੱਟਬਾਲ ਮੈਚ ਕਰਵਾਏ ਗਏ



ਲੁਧਿਆਣਾ (ਲੋਕ ਬਾਣੀ) –ਫੁੱਟਬਾਲ ਅਕੈਡਮੀ ਗੁੱਜਰਵਾਲ ਵਲੋਂ ਕਰਵਾਈ ਜਾ ਰਹੀ ਫੁੱਟਬਾਲ ਲੀਗ ਦੇ ਅੰਡਰ–17 ਦੇ ਖਿਡਾਰੀਆਂ ਦੇ ਮੈਚ ਖੇਡ ਪਾਰਕ ਚਮਿੰਡਾ ਵਿਖੇ ਸਰਪੰਚ ਰਣਜੀਤ ਸਿੰਘ ਜੀਤਾ ਦੇ ਸਹਿਯੋਗ ਨਾਲ ਕਰਵਾਏ ਗਏ। ਇਸ ਮੌਕੇ ਪੱਤਰਕਾਰਾਂ ਨਾਲ਼ ਗੱਲ ਕਰਦਿਆਂ ਸਰਪੰਚ ਰਣਜੀਤ ਸਿੰਘ ਨੇ ਕਿਹਾ ਕਿ ਖੇਡਾਂ ਬੱਚਿਆ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤਕੜੇ ਕਰਨ ਚ ਬਹੁਤ ਸਹਾਈ ਹੁੰਦੀਆਂ ਹਨ, ਇਸ ਲਈ ਹਰ ਬੱਚੇ ਨੂੰ ਖੇਡਾਂ ਚ ਜਰੂਰ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਖਿਡਾਰੀਆਂ ਚ ਭਾਈਚਾਰਕ ਸਾਂਝ ਪੈਦਾ ਕਰਨ ਦਾ ਕੰਮ ਵੀ ਕਰਦੀਆਂ ਹਨ। ਗੁੱਜਰਵਾਲ ਫੁੱਟਬਾਲ ਅਕੈਡਮੀ ਦੇ ਪ੍ਰਬੰਧਕ ਕਮਲ ਗਰੇਵਾਲ ਅਤੇ ਸਰਬਜੀਤ ਸਿੰਘ ਸੋਨੂੰ ਨੇ ਦੱਸਿਆ ਕਿ ਅੱਜ ਪਹਿਲਾ ਮੈਚ ਚੱਕ ਗੁਰੂ ਅਤੇ ਅਮੋਲ ਖੋਸਾ ਦਰਮਿਆਨ ਅਤੇ ਦੂਜਾ ਮੈਚ ਬਿਲਾਸਪੁਰ ਅਤੇ ਘਵੱਦੀ ਵਿਚਕਾਰ ਖੇਡਿਆ ਗਿਆ। ਇਸ ਮੌਕੇ ਮਾ ਹਰਜੋਤ ਸਿੰਘ, ਪ੍ਰਧਾਨ ਦਿਆਲ ਸਿੰਘ, ਪੰਚ ਅਮਰਜੀਤ ਕੌਰ, ਪੰਚ ਗੁਰਪਾਲ ਸਿੰਘ, ਪੰਚ ਕੇਸਰ ਸਿੰਘ, ਗੁਰਪ੍ਰੀਤ ਸਿੰਘ ਪੰਚ, ਜਸਵੰਤ ਬਿੱਟਾ, ਪੰਚ ਕੁਲਵਿੰਦਰ ਸਿੰਘ, ਨਿਰਮਲ ਕੌਰ ਪੰਚ, ਪਰਮਿੰਦਰ ਕੌਰ ਮੈਂਬਰ ਪੰਚਾਇਤ, ਮਨਜੀਤ ਕੌਰ ਪੰਚ, ਕੈਪਟਨ ਗੁਰਦੀਪ ਸਿੰਘ ਸਾਬਕਾ ਸਰਪੰਚ, ਸੂਬੇਦਾਰ ਸੁਖਚਰਨ ਸਿੰਘ ਪੰਚ, ਨੰਬਰਦਾਰ ਉਜਾਗਰ ਸਿੰਘ, ਕੁਲਦੀਪ ਸਿੰਘ, ਮਨਜੀਤ ਸਿੰਘ, ਮਨਰਾਜ ਸਿੰਘ, ਮਹਿੰਦਰ ਸਿੰਘ, ਫੌਜੀ ਤਰਸੇਮ ਸਿੰਘ, ਕੋਚ ਗੋਪੀ ਥਾਪਾ, ਕੋਚ ਗੁਰਪਿਆਰ ਸਿੰਘ ਅਤੇ ਕੋਚ ਦਲਜੀਤ ਸਿੰਘ ਆਦਿ ਹਾਜਰ ਸਨ।

# ਭਗਤੀ ਡਰ ਨਾਲ ਨਹੀ ਪ੍ਰੇਮ ਨਾਲ ਹੁੰਦੀ ਹੈ-ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ




ਚੰਡੀਗੜ (ਲੋਕ ਬਾਣੀ) - ਅੱਜ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਸਤਿਕਾਰਯੋਗ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਰਹਿਨੁਮਾਈ ਹੇਠ ਦਾਣਾ ਮੰਡੀ ਫਾਜ਼ਿਲਕਾ ਵਿਖੇ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪੰਜਾਬ ਅਤੇ ਰਾਜਸਥਾਨ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਆਨੰਦ ਪ੍ਰਾਪਤ ਕੀਤਾ।

ਇਸ ਸਮਾਗਮ ਦੌਰਾਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਪ੍ਰਵਚਨਾਂ ਵਿੱਚ ਫਰਮਾਉਂਦੇ ਹੋਏ ਕਿਹਾ ਕਿ ਪ੍ਰਮਾਤਮਾ ਕਣ ਕਣ ਵਿੱਚ ਹੈ, ਇਹ ਪ੍ਰਮਾਤਮਾ ਰੂਪੀ ਸਚਾਈ ਕੱਲ੍ਹ ਵੀ ਸੀ, ਅੱਜ ਵੀ ਹੈ ਅਤੇ ਦੁਨੀਆਂ ਖਤਮ ਹੋਣ ਤੋਂ ਬਾਅਦ ਵੀ ਅਟੱਲ ਰਹੇਗੀ। ਇਸ ਲਈ ਸਾਨੂੰ ਆਪਣੇ ਮਨ ਦਾ ਨਾਤਾ ਪ੍ਰਮਾਤਮਾ ਨਾਲ ਜੋੜ ਕੇ ਰੱਖਣਾ ਹੈ।ਸਤਿਗੁਰੂ ਮਾਤਾ ਜੀ ਨੇ ਸਮਝਾਇਆ ਕਿ ਦੁੱਖ ਅਤੇ ਸੁੱਖ ਇਨਸਾਨ ਦੀ ਜ਼ਿੰਦਗੀ ਵਿੱਚ ਨਿਰੰਤਰ ਚਲਦੇ ਰਹਿੰਦੇ ਹਨ ਅਗਰ ਸਾਡੇ ਮਨ ਦਾ ਰਿਸ਼ਤਾ ਪ੍ਰਮਾਤਮਾ ਨਾਲ ਜੁੜਿਆ ਹੈ ਤਾਂ ਦੁੱਖ ਵੀ ਦੁੱਖ ਨਹੀ ਦਿੰਦਾਂ ਅਤੇ ਸੁੱਖ ਵਿੱਚ ਵੀ ਇਨਸਾਨ ਸਹਿਜ ਅਵਸਥਾ ਬਣਾਈ ਰੱਖਦਾ ਹੈ । ਪ੍ਰਮਾਤਮਾ ਵੱਲੋਂ ਬਣਾਏ ਹਰ ਇਨਸਾਨ ਦਾ ਸੁਭਾਅ ਅਤੇ ਆਦਤਾਂ ਵੱਖੋ-ਵੱਖਰੀਆਂ ਹਨ। ਅਗਰ ਕਿਸੇ ਇਨਸਾਨ ਦੀ ਕੋਈ ਆਦਤ ਚੰਗੀ ਨਹੀਂ ਲੱਗਦੀ ਤਾਂ ਉਸ ਨਾਲ ਵੱਖਰੇਵੇਂ ਦੀਆਂ ਦੀਵਾਰਾਂ ਵੀ ਇਨਸਾਨ ਖੜ੍ਹੀਆਂ ਕਰ ਲੈਂਦਾ ਹੈ ਇਹ ਨਹੀਂ ਸੋਚਦਾ ਕਿ ਪ੍ਰਮਾਤਮਾ ਨੇ ਸਭ ਨੂੰ ਵੱਖੋ-ਵੱਖ ਖੂਬੀਆਂ ਦਿੱਤੀਆਂ ਹਨ। ਹਰ ਇੱਕ ਵਿੱਚ ਸਾਰੀਆਂ ਖੂਬੀਆਂ ਨਹੀਂ ਹੋ ਸਕਦੀਆਂ ਅਤੇ ਸਾਰਿਆਂ ਵਿੱਚ ਨੁਕਸ ਵੀ ਨਹੀ ਹੋ ਸਕਦੇ।

ਜ਼ਿੰਦਗੀ ਵਿੱਚ ਹਰ ਇਨਸਾਨ ਜਾਣੇ-ਅਣਜਾਣੇ ਵਿੱਚ ਹੋਈਆਂ ਗਲਤੀਆਂ ਨੂੰ ਸਵੀਕਾਰ ਕਰਦੇ ਹੋਏ ਅਤੇ ਉਨ੍ਹਾਂ ਗਲਤੀਆਂ ਤੋਂ ਸਿੱਖਿਆ ਲੈਂਦੇ ਹੋਏ ਨਿਰੰਤਰ ਅੱਗੇ ਵੱਧਦਾ ਚਲਾ ਜਾਏ। ਆਖਿਰ ਵਿੱਚ ਆਸ਼ੀਰਵਾਦ ਦਿੰਦੇ ਹੋਏ ਸਤਿਗੁਰੂ ਮਾਤਾ ਜੀ ਨੇ ਫਰਮਾਇਆ ਕਿ ਪ੍ਰਭੂ ਪਿਆਰ ਸਭ ਦੇ ਹਿੱਸੇ ਆਵੇ ਅਤੇ ਪ੍ਰਮਾਤਮਾ ਨੂੰ ਦਿਲ ਵਿੱਚ ਵਸਾ ਕੇ ਹਰ ਇਨਸਾਨ ਪ੍ਰਭੂ ਨਾਲ ਰਿਸ਼ਤਾ ਮਜ਼ਬੂਤ ਕਰਦਾ ਚਲਾ ਜਾਵੇ।ਅੱਜ ਇਨਸਾਨ ਭੈਅ ਵਿੱਚ ਪ੍ਰਭੂ ਭਗਤੀ ਕਰ ਰਿਹਾ ਹੈ ਪਰ ਅਸਲ ਵਿੱਚ ਪ੍ਰਭੂ ਭਗਤੀ ਡਰ ਨਾਲ ਨਹੀ ਸਗੋ ਪ੍ਰੇਮ ਵਿੱਚ ਕੀਤੀ ਜਾਂਦੀ ਹੈ।

ਰੋਜ਼ਾਨਾ ਲੋਕ ਬਾਣੀ
www.lokbani

ਇਸ ਮੌਕੇ ਸਤਿਕਾਰ ਯੋਗ ਨਿਰੰਕਾਰੀ ਰਾਜਪਿਤਾ ਰਮਿਤ ਜੀ ਨੇ ਫਰਮਾਇਆ ਕਿ ਗੁਰੂਆਂ ਦੀ ਇਹੀ ਸਿੱਖਿਆ ਰਹੀ ਹੈ ਕਿ ਹਰ ਸਾਹ ਬਹੁਤ ਕੀਮਤੀ ਹੈ। ਇਸ ਕਰਕੇ ਹਰ ਪਲ ਨੂੰ ਪ੍ਰਭੂ ਭਗਤੀ ਵਿੱਚ ਬਤੀਤ ਕਰਨਾ ਚਾਹੀਦਾ ਹੈ।ਜਦੋਂ ਮਨ ਪ੍ਰਮਾਰਥ ਦੇ ਮਾਰਗ ਤੋਂ ਹਟ ਜਾਂਦਾ ਹੈ ਤਾਂ ਦੁਵੈਸ਼ ਭਾਵਨਾ ਘਰ ਕਰ ਜਾਂਦੀਆ ਹਨ। ਭਗਤੀ ਦਾ ਮਾਰਗ ਬਹੁਤ ਬਰੀਕ ਹੈ ਜਿਸ ਪਲ੍ਹ ਵੀ ਇਸ ਤੋਂ ਦੂਰ ਹੋਵਾਗੇ ਤਾਂ ਇਸ ਮਾਰਗ ਤੋਂ ਡਗਮਗਾ ਜਾਵਾਗੇ। ਪ੍ਰਮਾਤਮਾ ਹਰ ਜ਼ਰੇ ਵਿੱਚ ਅਤੇ ਹਰ ਇਨਸਾਨ ਵਿੱਚ ਮੌਜੂਦ ਹੈ ਇਸ ਕਰਕੇ ਪ੍ਰਭੂ ਦੇ ਇਨ੍ਹਾਂ ਬੰਦਿਆਂ ਨਾਲ ਵੀ ਬਿਨ੍ਹਾ ਫਰਕ ਕੀਤੇ ਪ੍ਰੇਮ ਦਾ ਭਾਵ ਰੱਖਣਾ ਹੈ। ਇਹ ਅਗਿਆਨਤਾ ਦਾ ਹੀ ਪ੍ਰਮਾਣ ਹੈ ਕਿ ਅੱਜ ਇਨਸਾਨ ਬੰਦਿਆਂ ਵਿੱਚ ਜਾਤ ਮਜ੍ਹਬ ਦੇ ਵੇਖਰੇਵੇਂ ਲੱਭ ਰਿਹਾ ਹੈ। ਜਦੋਂ ਪ੍ਰਮਾਤਮਾ ਦਾ ਬੋਧ ਹੁੰਦਾ ਹੈ ਤਾਂ ਸਮਝ ਆਉਂਦੀ ਹੈ ਕਿ ਰਚਨਹਾਰ ਦੀ ਰਚਨਾ ਇਕ ਸਮਾਨ ਹੈ।

ਇਸ ਮੌਕੇ ਜੋਨ ਬਠਿੰਡਾ ਦੇ ਜੋਨਲ ਇੰਚਾਰਜ ਐਸ.ਪੀ ਦੁੱਗਲ ਨੇ ਸੰਗਤਾਂ ਵੱਲੋ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਸਤਿਕਾਰਯੋਗ ਰਾਜਪਿਤਾ ਰਮਿਤ ਜੀ ਦਾ ਇੱਥੇ ਪਹੁੰਚਣ ਤੇ ਨਿੱਘਾ ਸਵਾਗਤ ਅਤੇ ਸ਼ੁਕਰਾਨਾ ਕੀਤਾ।

ਫਾਜ਼ਿਲਕਾ ਬਰਾਂਚ ਦੇ ਸੰਯੋਜਕ ਸੁਰਿੰਦਰ ਪਾਲ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੂਹ ਸਥਾਨਕ ਸੰਯੋਜਕਾਂ, ਮੁਖੀਆਂ, ਸੇਵਾਦਲ ਦੇ ਅਧਿਕਾਰੀਆਂ ਅਤੇ ਮੈਬਰਾਂ ਤੋ ਇਲਾਵਾ ਵੱਖ ਵੱਖ ਧਾਰਮਿਕ, ਸਮਾਜਿਕ, ਵਪਾਰਿਕ ਅਤੇ ਰਾਜਨੀਤਿਕ ਸੰਸਥਾਵਾਂ ਤੋ ਆਏ ਹੋਏ ਪੰਤਵੰਤੇ ਸੱਜਣਾਂ, ਨਗਰ ਕੌਂਸਲ ਫਾਜ਼ਿਲਕਾ, ਜਿਲ੍ਹਾ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਆਦਿ ਸਾਰੇ ਹੀ ਸਹਿਯੋਗੀ ਸੱਜਣਾਂ ਦਾ ਇਸ ਸਮਾਗਮ ਨੂੰ ਸ.ਫਲ ਬਣਾਉਣ ਲਈ ਧੰਨਵਾਦ ਕੀਤਾ।

# ਕੁਰਆਨ ਬੇਅਦਬੀ ਮਾਮਲੇ ਦੇ ਦੋਸ਼ੀ ਨਰੇਸ਼ ਯਾਦਵ ਦੀ ਟਿਕਟ ਕੱਟਣਾ ਪਾਰਟੀ ਦਾ ਸ਼ਲਾਘਾਯੋਗ ਫੈਸਲਾ : ਹਾਜੀ ਅਖ਼ਤਰ, ਫਾਰੂਕ ਖਾਂ



*ਮਾਲੇਰਕੋਟਲਾ(ਲੋਕ ਬਾਣੀ) ਕੁਰਾਨ ਬੇਅਦਬੀ ਮਾਮਲੇ ਚ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਮਹਿਰੌਲੀ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਨਰੇਸ਼ ਯਾਦਵ ਨੂੰ ਬੀਤੇ ਦਿਨੀ ਮਲੇਰ ਕੋਟਲਾ ਦੀ ਸੈਸ਼ਨ ਅਦਾਲਤ ਵੱਲੋਂ ਦੋ ਸਾਲ ਦੀ ਸਜ਼ਾ ਅਤੇ 11000 ਜੁਰਮਾਨਾ ਕੀਤਾ ਗਿਆ ਸੀ ਜਿਸ ਦੇ ਚਲਦਿਆਂ ਦੋਸ਼ੀ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜ਼ਮਾਨਤ ਮਿਲ ਗਈ ਸੀ। ਉਕਤ ਮਾਮਲੇ ਚ ਪੰਜਾਬ ਅਤੇ ਦਿੱਲੀ ਦੇ ਲੋਕਾਂ ਅਤੇ ਖਾਸ ਕਰ ਮੁਸਲਿਮ ਭਾਈਚਾਰੇ ਵਿੱਚ ਉਦੋਂ ਰੋਸ ਹੋਰ ਜਿਆਦਾ ਪਾਰਟੀ ਪ੍ਰਤੀ ਵੱਧ ਗਿਆ ਸੀ ਜਦੋਂ ਇੱਕ ਵਾਰ ਫਿਰ ਤੋਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਨਰੇਸ਼ ਯਾਦਵ ਨੂੰ ਦਿੱਲੀ ਦੇ ਮਹਿਰੌਲੀ ਵਿਧਾਨ ਸਭਾ ਹਲਕੇ ਤੋਂ ਪਾਰਟੀ ਵੱਲੋਂ ਟਿਕਟ ਦੇ ਕੇ ਨਿਵਾਜਣ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸੇ ਦੇ ਮੱਦੇ ਨਜ਼ਰ ਅੱਜ ਪਾਰਟੀ ਨੇ ਉਕਤ ਵਿਧਾਨ ਸਭਾ ਹਲਕੇ ਤੋਂ ਨਰੇਸ਼ ਯਾਦਵ ਦੀ ਟਿਕਟ ਕੱਟ ਕੇ ਮਹਿੰਦਰ ਚੌਧਰੀ ਨੂੰ ਟਿਕਟ ਦੇਣ ਦਾ ਬਕਾਇਦਾ ਐਲਾਨ ਕਰ ਦਿੱਤਾ ਹੈ ਜਿਸ ਨਾਲ ਆਮ ਲੋਕਾਂ ਖਾਸ ਤੌਰ ਤੇ ਪਾਰਟੀ ਦੇ ਪੰਜਾਬ ਅਤੇ ਦਿੱਲੀ ਤੋਂ ਮੁਸਲਿਮ ਅਹੁਦੇਦਾਰਾਂ ਤੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸੇ ਤਹਿਤ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਾਰਡ ਨੰਬਰ 02 ਤੋਂ ਕੌਂਸਲਰ ਅਤੇ ਪੰਜਾਬ ਹੱਜ ਕਮੇਟੀ ਦੇ ਮੈਂਬਰ ਹਾਜੀ ਮੁਹੰਮਦ ਅਖਤਰ ਅਤੇ ਸੀਨੀਅਰ ਪਾਰਟੀ ਆਗੂ ਫਾਰੂਕ ਖਾਨ ਨੇ ਉਕਤ ਫੈਸਲੇ ਤੇ ਪਾਰਟੀ ਹਾਈ ਕਮਾਨ ਦਾ ਜਿੱਥੇ ਧੰਨਵਾਦ ਕੀਤਾ ਹੈ ਉਥੇ ਹੀ ਇਸ ਟਿਕਟ ਬਦਲੀ ਵਿੱਚ ਮਲੇਕੂਟਲਾ ਦੇ ਐਮਐਲਏ ਡਾਕਟਰ ਜਮੀਲੂ ਰਹਿਮਾਨ ਵੱਲੋਂ ਨਿਭਾਏ ਗਏ ਰੋਲ ਦੀ ਪ੍ਰਸ਼ੰਸ਼ਾ ਵੀ ਕੀਤੀ ਹੈ। ਉਹਨਾਂ ਦਾ ਕਹਿਣਾ ਸੀ ਕਿ ਉਕਤ ਟਿਕਟ ਬਦਲੀ ਜਿੱਥੇ ਕਈ ਹੋਰ ਕਾਰਨਾਂ ਕਰਕੇ ਹੋਈ ਹੈ ਉੱਥੇ ਇਸ ਨੂੰ ਬਦਲਣ ਵਿੱਚ ਮਲੇਰ ਕੋਟਲਾ ਦੇ ਵਿਧਾਇਕ ਡਾਕਟਰ ਜਮੀਲੂ ਰਹਿਮਾਨ ਦਾ ਖਾਸ ਰੋਲ ਰਿਹਾ ਹੈ। ਉਹਨਾਂ ਹੋਰ ਕਿਹਾ ਕਿ ਆਮ ਆਦਮੀ ਪਾਰਟੀ ਅਸੂਲਾਂ ਦੀ ਪਾਰਟੀ ਹੈ ਅਤੇ ਕਿਸੇ ਵੀ ਦੋਸ਼ੀ ਛਵੀ ਵਾਲੇ ਵਿਅਕਤੀ ਨੂੰ ਟਿਕਟ ਵਗੈਰਾ ਨਹੀਂ ਦਿੰਦੀ ਅਤੇ ਦੋਸ਼ੀਆਂ ਦੀ ਪਾਰਟੀ ਨੇ ਕਦੇ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਸਿੱਧੇ ਜਾ ਅਸਿੱਧੇ ਢੰਗ ਨਾਲ ਹੌਸਲਾ ਆਫਜਾਈ ਨਹੀਂ ਕੀਤੀ।

# ਐੱਸ.ਡੀ. ਕਾਲਜ ਆ.ਫ ਐਜੂਕੇਸ਼ਨ ਬਰਨਾਲਾ ਵਿਖੇ ਸੁਸ਼ਾਸਨ ਸਪਤਾਹ ਦਾ ਆਯੋਜਨ ਕੀਤਾ ਗਿਆ




ਬਰਨਾਲਾ, (ਲੋਕ ਬਾਣੀ) ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ, ਨਹਿਰੂ ਯੁਵਾ ਕੇਂਦਰ ਬਰਨਾਲਾ ਅਤੇ ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ ਦੇ ਐਨ.ਐਸ.ਐਸ ਵਿਭਾਗ ਦੇ ਸਹਿਯੋਗ ਨਾਲ ਗੁਡ ਗਵਰਨੈਂਸ ਵੀਕ ਦੇ ਮੌਕੇ ਤੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ ਪ੍ਰੋਗਰਾਮ ਦਾ ਉਦੇਸ਼ ਚੰਗੇ ਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਰਕਾਰੀ ਪਹਿਲਕਦਮੀਆਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਭਵਿੱਖ ਦੇ ਅਧਿਆਪਕਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਐਨ.ਐਸ.ਐਸ ਪ੍ਰੋਗਰਾਮ ਅਫਸਰ ਪ੍ਰੋ. ਬਲਵਿੰਦਰ ਕੁਮਾਰ ਬਿੱਟੂ ਨੇ ਵਿਸ਼ੇ ਅਤੇ ਉਦੇਸ਼ ਦੀ ਰੂਪ-ਰੇਖਾ ਪੇਸ਼ ਕੀਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਚੰਗੇ ਪ੍ਰਸ਼ਾਸਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀਆਂ ਪਹਿਲਕਦਮੀਆਂ ਨੂੰ ਉਜਾਗਰ ਕੀਤਾ ਅਤੇ ਨਾਗਰਿਕਾਂ ਦੀ ਸਰਗਰਮ ਭਾਗੀਦਾਰੀ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।

ਕਾਲਜ ਪ੍ਰਿੰਸੀਪਲ ਡਾ.ਤਪਨ ਕੁਮਾਰ ਸਾਹੂ ਨੇ ਨਹਿਰੂ ਯੁਵਾ ਕੇਂਦਰ ਦੇ ਲੇਖਾ ਅਤੇ ਪ੍ਰੋਗਰਾਮ ਸਹਾਇਕ ਸ੍ਰੀ ਰਿਸ਼ਵ ਸਿੰਗਲਾ ਦਾ ਇਸ ਪ੍ਰੋਗਰਾਮ ਦਾ ਆਯੋਜਨ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ।ਉਨ੍ਹਾਂ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਗਈਆਂ ਵੱਖ-ਵੱਖ ਸਕੀਮਾਂ ਦੀ ਰੂਪ ਰੇਖਾ ਦੱਸੀ ਅਤੇ ਭਾਗੀਦਾਰਾਂ ਨੂੰ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ।

ਆਪਣੇ ਮੁੱਖ ਭਾਸ਼ਣ ਵਿੱਚ, ਨਹਿਰੂ ਯੁਵਾ ਕੇਂਦਰ ਦੇ ਸ੍ਰੀ ਰਿਸ਼ਵ ਸਿੰਗਲਾ ਨੇ ਮਾਣਯੋਗ ਡਿਪਟੀ ਕਮਿਸ਼ਨਰ ਬਰਨਾਲਾ ਮੈਡਮ ਪੂਨਮਦੀਪ ਕੌਰ ਆਈ ਏ ਐਸ ਦੇ ਯਤਨ ਸਦਕਾ ਬਣੀ ਮੋਬਾਈਲ ਐਪ ਪਹੁੰਚ ਬਾਰੇ ਜਾਣਕਾਰੀ ਦਿਤੀ, ਇੱਕ ਮੋਬਾਈਲ ਐਪ ਜੋ ਚੰਗੇ ਪ੍ਰਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਰਕਾਰੀ ਪਹਿਲਕਦਮੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਉਨ੍ਹਾਂ ਅਧਿਆਪਕ ਸਿਖਿਆਰਥੀਆਂ ਨੂੰ ਇਸ ਐਪ ਦੀ ਪ੍ਰਭਾਵਸ਼ਾਲੀ ਵਰਤੋਂ ਕਰਨ ਲਈ ਮਾਰਗਦਰਸ਼ਨ ਕੀਤਾ ਅਤੇ ਇਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਉਨ੍ਹਾਂ ਦੇ ਸੰਬੋਧਨ ਤੋਂ ਬਾਅਦ, ਸਾਰੇ ਭਾਗੀਦਾਰਾਂ ਨੇ ਐਪ ਨੂੰ ਡਾਊਨਲੋਡ ਕੀਤਾ ਅਤੇ ਆਪਣੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਇਸਦੀ ਵਰਤੋਂ ਕਰਨ ਦਾ ਵਾਅਦਾ ਕੀਤਾ।

ਪ੍ਰੋਗਰਾਮ ਦੀ ਸਮਾਪਤੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਐੱਸ. ਡੀ. ਇਸ ਮੌਕੇ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਨੇ ਇਸ ਪ੍ਰੋਗਰਾਮ ਨੂੰ ਸ.ਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

# ਪੰਜਾਬ ਦੇ ਦੋ ਮੋਹਰੀ ਚੈਨਲ, ਜ਼ੀ ਪੰਜਾਬੀ ਤੇ ਜਗਬਾਣੀ ਜੁੜ ਰਹੇ ਹਨ ਡਰੱਗ ਜਾਗਰੂਕਤਾ ਦੀ ਮੁਹਿੰਮ ਦੇ ਲਈ, ਵੇਖੋ ਸ਼ਿਵਿਕਾ-ਸਾਥ ਯੁਗਾਂ ਯੁਗਾਂ ਦਾ ਰਾਤ 8 ਵਜੇ ਸਿਰਫ ਜ਼ੀ ਪੰਜਾਬੀ ਤੇ !

(ਲੋਕ ਬਾਣੀ) ਜ਼ੀ ਪੰਜਾਬੀ ਅਤੇ ਜਗ ਬਾਣੀ, ਦੋ ਮੋਹਰੀ ਚੈਨਲਾਂ ਨੇ ਨਸ਼ਿਆਂ ਦੇ ਸੇਵਨ ਅਤੇ ਵਿਅਕਤੀਆਂ ਅਤੇ ਸਮਾਜ ਤੇ ਇਨ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਮਹੱਤਵਪੂਰਨ ਸਹਿਯੋਗ ਕੀਤਾ ਹੈ, ਜੋ ਕਿ 21 ਦਸੰਬਰ, 2024 ਨੂੰ ਰਾਤ 8:00 ਵਜੇ ਟੈਲੀਵਿਜ਼ਨ ਸਕਰੀਨਾਂ ਉੱਤੇ ਪ੍ਰਸਾਰਿਤ ਹੋਵੇਗਾ।

ਇਸ ਐਪੀਸੋਡ ਵਿੱਚ ਡਾ. ਈਸ਼ਾਨ ਇੱਕ ਪ੍ਰਭਾਵਸ਼ਾਲੀ ਕਹਾਣੀ ਦੇ ਜ਼ਰੀਏ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਸਮਾਜਿਕ ਖ਼ਤਰਿਆਂ ਤੇ ਰੌਸ਼ਨੀ ਪਾਵੇਗਾ ਅਤੇ ਸਮਾਜ ਵਿੱਚ ਇਸ ਦੇ ਵਧ ਰਹੇ ਖਤਰੇ ਦਾ ਪਰਦਾਫਾਸ਼ ਕਰੇਗਾ ਇਸਦੇ ਨਾਲ ਹੀ ਜਗਬਾਣੀ ਦੇ ਪਤਰਕਾਰ ਨਾਲ ਗੱਲ ਕਰਦੇ ਹੋਏ ਇਸਦੇ ਰੋਕਥਾਮ ਉਪਾਵਾਂ ਬਾਰੇ ਜਾਣੂ ਕਰਵਾਏਗਾ।

ਪੁਨੀਤ ਭਾਟੀਆ, ਜੋ ਕਿ ਸ਼ੋਅ ਸ਼ਿਵਿਕਾ - ਸਾਥ ਯੁਗਾਂ ਯੁਗਾਂ ਦਾ ਵਿੱਚ ਡਾ. ਈਸ਼ਾਨ ਦੀ ਭੂਮਿਕਾ ਵਿੱਚ ਹਨ, ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ: ਨਸ਼ਾ ਇੱਕ ਅਜਿਹੀ ਬਿਮਾਰੀ ਹੈ ਜੋ ਅਣਗਿਣਤ ਜ਼ਿੰਦਗੀਆਂ ਨੂੰ ਤਬਾਹ ਕਰ ਰਿਹਾ ਹੈ। ਮੈਂ ਸਮਾਜ ਵਿੱਚ ਇੱਕ ਅਜਿਹੀ ਕ੍ਰਾਂਤੀ ਲਿਆਉਣਾ ਚਾਹੁੰਦਾ ਹਾਂ ਜਿਸ ਦੇ ਨਾਲ ਲੋਕਾਂ ਵਿੱਚ ਨਸ਼ੇ ਵਿਰੁੱਧ ਜਾਗਰੂਕਤਾ ਫੈਲੇਗੀ, ਮੈਂ ਉਮੀਦ ਕਰਦਾ ਹਾਂ ਕਿ ਸਾਡੀ ਇੱਕ ਕੋਸ਼ਿਸ਼ ਨਸ਼ੇ ਨੂੰ ਜੜ੍ਹ ਤੋਂ ਖਤਮ ਕਰ ਦੇਵੇਗੀ।ਸ਼ੋਅ ਵਿੱਚ ਸ਼ਿਵਿਕਾ (ਸੁਰਭੀ ਮਿੱਤਲ) ਨੇ ਕਿਹਾ: ਸ਼ਿਵਿਕਾ ਦੀ ਕਹਾਣੀ ਹਮੇਸ਼ਾਂ ਹੀ ਝੂਠ ਦੇ ਖਿਲਾਫ ਤੇ ਅੱਤਿਆਚਾਰ ਵਿਰੁੱਧ ਆਵਾਜ਼ ਉਠਾਉਣ ਵਾਲੀ ਕਹਾਣੀ ਹੈਂ, ਮੈਂ ਹਮੇਸ਼ਾ ਹੀ ਸੱਚ ਦੇ ਹੱਕ ਵਿੱਚ ਬੋਲਦੀ ਹੈਂ ਤੇ ਇਹ ਨਸ਼ੇ ਵਰਗੀ ਭਿਆਨਕ ਬਿਮਾਰੀ ਸਾਡੇ ਸਮਾਜ ਨੂੰ ਦਿਨੋ-ਦਿਨ ਖੋਖਲਾ ਕਰ ਰਹੀ ਹੈਂ। ਸਾਡਾ ਇੱਕ ਸਹਿਯੋਗ ਸਮਾਜ ਵਿੱਚ ਜਾਗਰਕਤਾ ਫੈਲਾਉਣ ਦਾ ਕੰਮ ਕਰੇਗਾ।

ਇਸ ਸ਼ਨੀਵਾਰ ਰਾਤ 8 ਵਜੇ ਜ਼ੀ ਪੰਜਾਬੀ ਤੇ ਟਿਊਨ ਇਨ ਕਰੋ ਇਹ ਦੇਖਣ ਲਈ ਕਿ ਕਿਵੇਂ ਮਨੋਰੰਜਨ ਸੱਚ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਦਾ ਹੈ, ਇਹ ਸਾਬਤ ਕਰਦਾ ਹੈ ਕਿ ਮੀਡੀਆ ਸਮਾਜ ਵਿੱਚ ਪ੍ਰਭਾਵਸ਼ਾਲੀ ਤਬਦੀਲੀ ਨੂੰ ਪੇਰਿਤ ਕਰ ਸਕਦਾ ਹੈ।




## ਹੰਡਿਆਇਆ ਸਕੂਲ ਦੇ ਐਨਐਸਕਿਊਐੱਫ ਵਿਦਿਆਰਥੀਆਂ ਨੇ ਕੀਤਾ ਉਦਯੋਗਿਕ ਦੌਰਾ




ਬਰਨਾਲਾ (ਲੋਕ ਬਾਣੀ) –ਹੰਡਿਆਇਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਡਿਆਇਆ ਦੇ ਐਨ ਐਸ ਕਿਉ ਐੱਫ ਵਿਦਿਆਰਥੀਆਂ ਵੱਲੋਂ ਉਦਯੋਗਿਕ ਦੌਰਾ ਕੀਤਾ ਗਿਆ । ਸਕੂਲ ਮੁਖੀ ਰਣਜੀਤ ਸਿੰਘ ਜੰਡੂ ਦੀ ਅਗਵਾਈ ਹੇਠ ਸੰਦੀਪ ਕੌਰ ਵੋਕੇਸ਼ਨਲ ਟ੍ਰੇਨਰ ਆਈ ਟੀ ਦੀ ਦੇਖ ਰੇਖ ਵਿੱਚ ਮਹਾਰਾਜਾ ਯੂਨੀਵਰਸਿਟੀ ਬਠਿੰਡਾ ਵਿਖੇ ਵਿਦਿਆਰਥੀਆਂ ਨੇ ਦੌਰਾ ਕਰਕੇ ਉਦਯੋਗਿਕ ਬਾਰੇ ਜਾਣਕਾਰੀ ਪ੍ਰਾਪਤ ਕੀਤੀ । ਵਿਦਿਆਰਥੀਆਂ ਨੂੰ ਵੱਖ ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ ਗਿਆ । ਸੰਦੀਪ ਕੌਰ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਦੌਰੇ ਵਿਦਿਆਰਥੀਆਂ ਵਿਚ ਉਦਯੋਗ ਪ੍ਰਤੀ ਜਾਣਕਾਰੀ ਵਿੱਚ ਵਾਧਾ ਕਰਕੇ ਉਨ੍ਹਾਂ ਦੀ ਉਦਯੋਗ ਵੱਲ ਰੁਚੀ ਨੂੰ ਵਧਾਉਂਦੇ ਹਨ । ਵਿਦਿਆਰਥੀਆਂ ਨੂੰ ਸਕੂਲ ਪਹੁੰਚਣ ਤੇ ਰਿਫਰੈਸ਼ਮੈਂਟ ਦਿੱਤੀ ਗਈ । ਇਸ ਮੌਕੇ ਲੈਕਚਰਾਰ ਗੁਰਲਾਲ ਸਿੰਘ ਬੋਪਾਰਾਏ, ਬਲਜੀਤ ਸਿੰਘ ਅਕਲੀਆ, ਪ੍ਰਿਤਪਾਲ ਸਿੰਘ ਬਰਨਾਲਾ, ਰੁਪਿੰਦਰ ਕੌਰ, ਕੈਂਪਸ ਮੈਨੇਜਰ ਪਰਮਜੀਤ ਸਿੰਘ, ਨਾਜ਼ਰ ਸਿੰਘ, ਸੁਖਬੀਰ ਸਿੰਘ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾ ਦੀ ਕੀਤੀ ਗਈ ਚੈਕਿੰਗ

ਬਰਨਾਲਾ, (ਲੋਕ ਬਾਣੀ): ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਚ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ ।ਮਾਨਯੋਗ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦੀ ਰਹਿਨੁਮਾਈ ਹੇਠ ਸ਼੍ਰੀ ਗੁਰਵੀਰ ਸਿੰਘ ਕੋਹਲੀ ਉਪ ਮੰਡਲ ਮੈਜਿਸਟ੍ਰੇਟ ਅਤੇ ਸ਼੍ਰੀ ਕੁਲਵਿੰਦਰ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੋਗਰਾਮ ਅਫਸਰ ,ਬਰਨਾਲਾ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਵੱਖ ਵੱਖ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਸਕੂਲੀ ਬੱਚਿਆਂ ਦੀ ਸੁਰੱਖਿਆ ਲਈ ਕੀਤੀ ਜਾ ਸਕੇ।

ਇਸ ਮੋਕੇ ਮਦਰ ਟੀਚਰ ਇੰਟਰਨੈਸ਼ਨਲ ਸਕੂਲ, ਵੀ.ਵੀ ਐੱਮ ਇੰਟਰਨੈਸ਼ਨਲ ਸਕੂਲ ਅਤੇ ਬਾਬਾ ਗਾਂਧਾ ਪਬਲਿਕ ਸਕੂਲ ਬਰਨਾਲਾ ਅਤੇ ਹੋਰ ਕਈ ਸਕੂਲਾਂ ਦੀਆਂ ਸਕੂਲ ਵੈਨਾਂ ਦੀ ਚੈਕਿੰਗ ਕੀਤੀ ਗਈ। ਜ਼ਿਲ੍ਹਾ ਪ੍ਰੋਗਰਾਮ ਅਫਸਰ ਕੁਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋ ਸਮੇਂ-ਸਮੇਂ ਤੇ ਸਕੂਲਾਂ ਦੇ ਪ੍ਰਿੰਸੀਪਲ ਅਤੇ ਸਕੂਲ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਿਦਾਇਤਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ । ਇਨ੍ਹਾਂ ਚ ਮੁਖ ਤੌਰ ਤੇ ਸੀ.ਸੀ.ਟੀ.ਵੀ ਕੈਮਰਾ, ਖਿੜਕੀ ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਲੇਡੀ ਕਡੰਕਟਰ, ਅੱਗ ਬੁਝਾਊ ਯੰਤਰ, ਲਾਇੰਸਸ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਪ ਮੰਡਲ ਮੈਜਿਸਟ੍ਰੇਟ ਦਫਤਰ ਵੱਲੋਂ ਸੁਪਰਡੈਂਟ ਕਮਲਜੀਤ ਸਿੰਘ ਸ਼ਾਦ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਗੁਰਜੀਤ ਕੌਰ, ਰੁਪਿੰਦਰ ਸਿੰਘ ਬਾਲ ਸੁਰੱਖਿਆ ਅਫਸਰ (ਆਈ.ਸੀ) ਅਤੇ ਬਰਜਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਨੀਰਜ ਕੁਮਾਰ ਸਿੰਗਲਾ ਜ਼ਿਲ੍ਹਾ ਕਆਰਡੀਨੇਟਰ ਵੱਲੋਂ ਡਰਾਈਵਰਾਂ ਨੂੰ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਨੂੰ ਉਹ ਪਹਿਲ ਦੇਣ ਅਤੇ ਪਾਲਿਸੀ ਤਹਿਤ ਜੋ ਵੀ ਨਿਯਮ ਹਨ ਉਹ ਜਲਦ ਤੋਂ ਜਲਦ ਪੂਰਾ ਕਰਨ। ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਿੱਚੋਂ ਸ਼੍ਰੀ ਲੱਖਾ ਸਿੰਘ, ਸ਼੍ਰੀ ਬਲਵਿੰਦਰ ਸਿੰਘ, ਜ਼ਿਲ੍ਹਾ ਟ੍ਰਾਸਪੋਰਟ ਅਫਸਰ ਵੱਲੋਂ ਐਸ.ਆਈ ਰਣਧੀਰ ਸਿੰਘ, (ਟ੍ਰੈਫਿਕ ਇੰਨਚਾਰਜ), ਏ.ਐਸ.ਆਈ ਗੁਰਚਰਨ ਸਿੰਘ, ਏ.ਐਸ.ਆਈ ਸੁਖਦੇਵ ਸਿੰਘ, ਹਵਲਦਾਰ ਬਲਵੀਰ ਸਿੰਘ, ਹਵਲਦਾਰ ਜਗਤਾਰ ਸਿੰਘ ਸਮੇਤ ਟੀਮ ਸ਼ਾਮਿਲ ਸਨ ।






SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565